Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਹਫਤਾਵਾਰੀ ਪੰਜਾਬੀ ਖੇਤੀਬਾੜੀ ਅਖ਼ਬਾਰ

# ਖੇਤੀ ਦੁਨੀਆਂ

Rs.10/-
www.khetiduniyan.in
Postage Regd. No. PB/PTA/0338/2025-2027
Editor : Jagpreet Singh • RNI 42269/83 (PUNPUN00806) • Issue Dated 16-05-2026 • Vol.44 No.20 • M. 90410-14575 • Page 16 E-mail : khetiduniyan1983@gmail.com



**ਸਾਲ 2024 ਦੌਰਾਨ 2.5 ਲੱਖ ਏਕੜ ਰਕਬੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਕੀਤੀ ਗਈ। ਤਰ ਵੱਤਰ ਖੇਤ ਵਿੱਚ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਕਾਸ਼ਤਕਾਰੀ ਢੰਗਾਂ, ਨਵੀਨਤਮ ਮਸ਼ੀਨੀਕਰਨ ਅਤੇ ਇਸ ਵਿਧੀ ਲਈ ਝੋਨੇ ਦੀਆਂ ਅਨੁਕੂਲ ਕਿਸਮਾਂ ਦਾ ਸੁਮੇਲ ਹੈ। 'ਤਰ ਵੱਤਰ ਖੇਤ ਵਿੱਚ ਝੋਨੇ ਦੀ ਸਿੱਧੀ ਬਿਜਾਈ' ਦੀ ਪੂਰਨ ਸਫ਼ਲਤਾ ਲਈ ਹੇਠ ਅੰਕਿਤ ਉਤਪਾਦਨ ਤਕਨੀਕਾਂ ਨੂੰ ਇੰਨ ਬਿੰਨ ਅਪਣਾਉਣ ਦੀ ਜ਼ਰੂਰਤ ਹੈ :**



## ਖੇਤੀ ਖਰਚੇ ਘਟਾਉਣ ਅਤੇ ਪਾਣੀ ਬਚਾਉਣ ਲਈ ਸਾਰਥਕ ਹੈ

# ਝੋਨੇ ਦੀ ਸਿੱਧੀ ਬਿਜਾਈ

**ਜਸਵੀਰ ਸਿੰਘ ਗਿੱਲ, ਪਰਮਿੰਦਰ ਸਿੰਘ ਸੰਧੂ ਅਤੇ ਮਨਪ੍ਰੀਤ ਸਿੰਘ**
ਫ਼ਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 79861-88110)

**ਢੁੱਕਵੀਂ ਜ਼ਮੀਨ** : ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ (ਰੇਤਲੀ ਮੈਰਾ, ਮੈਰਾ, ਚੀਕਣੀ ਮੈਰਾ, ਭੱਲ ਵਾਲੀ ਮੈਰਾ) ਜੋ ਕਿ ਰਾਜ ਦੇ 87% ਹਿੱਸੇ ਵਿੱਚ ਪਾਈਆਂ ਜਾਂਦੀਆਂ ਹਨ ਸਿੱਧੀ ਬਿਜਾਈ ਦੇ ਬਹੁਤ ਅਨੁਕੂਲ ਹਨ। ਹਲਕੀਆਂ ਜ਼ਮੀਨਾਂ (ਰੇਤਲੀ, ਮੈਰਾ ਰੇਤਲੀ) ਢੁੱਕਵੀਆਂ ਨਹੀਂ ਹਨ ਕਿਉਂਕਿ ਇਹਨਾਂ ਵਿੱਚ ਲੋਹੇ ਦੀ ਬਹੁਤ ਘਾਟ ਆ ਜਾਂਦੀ ਹੈ ਅਤੇ ਨਦੀਨਾਂ ਦੀ ਸਮੱਸਿਆ ਜ਼ਿਆਦਾ ਆਉਂਦੀ ਹੈ।

**ਫ਼ਸਲੀ ਚੱਕਰ** : ਜਿਹੜੇ ਖੇਤਾਂ ਵਿੱਚ ਪਿਛਲੇ ਸਾਲਾਂ ਵਿੱਚ ਗੰਨਾ, ਮੱਕੀ ਅਤੇ ਨਰਮਾ ਆਦਿ ਬੀਜਿਆ ਹੋਵੇ ਉੱਥੇ ਝੋਨੇ ਦੀ ਸਿੱਧੀ ਬਿਜਾਈ ਕਰਨ ਤੋਂ ਗੁਰੇਜ਼ ਕਰੋ, ਕਿਉਂਕਿ ਇਹਨਾਂ ਖੇਤਾਂ ਵਿੱਚ ਨਦੀਨਾਂ ਦੀ ਸਮੱਸਿਆ ਵੀ ਜ਼ਿਆਦਾ ਆਉਂਦੀ ਹੈ।



**ਢੁੱਕਵੀਆਂ ਕਿਸਮਾਂ** : ਝੋਨੇ ਦੀ ਸਿੱਧੀ ਬਿਜਾਈ ਲਈ ਘੱਟ ਅਤੇ ਦਰਮਿਆਨਾ ਸਮਾਂ ਲੈ ਕੇ ਪੱਕਣ ਵਾਲੀਆਂ ਕਿਸਮਾਂ ਜ਼ਿਆਦਾ ਢੁੱਕਵੀਆਂ ਹਨ, ਕਿਉਂਕਿ ਇਹ ਲੰਬੇ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਨਾਲੋਂ ਮੁੱਢਲਾ ਵਾਧਾ ਤੇਜ਼ੀ ਨਾਲ ਕਰਦੀਆਂ ਹਨ ਅਤੇ ਨਦੀਨਾਂ ਨੂੰ ਕਾਬੂ ਹੇਠ ਰੱਖਦੀਆਂ ਹਨ, ਪਾਣੀ ਦੀ ਖੱਪਤ ਘੱਟ ਹੁੰਦੀ ਹੈ, ਛੇਤੀ ਪੱਕਣ ਕਰਕੇ ਝੋਨੇ ਦੀ ਪਰਾਲੀ ਸੰਭਾਲਣ ਲਈ ਜ਼ਿਆਦਾ ਸਮਾਂ ਮਿਲਦਾ ਹੈ।

**ਬਿਜਾਈ ਦਾ ਸਹੀ ਸਮਾਂ** : ਜੂਨ ਦਾ ਪਹਿਲਾ ਪੰਦਰਵਾੜਾ (1 ਤੋਂ 15 ਜੂਨ) ਸਿੱਧੀ ਬਿਜਾਈ ਲਈ ਢੁੱਕਵਾਂ ਸਮਾਂ ਹੈ। ਘੱਟ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਪੀ ਆਰ 126 ਅਤੇ ਪੂਸਾ ਬਾਸਮਤੀ 1509 ਦੀ ਬਿਜਾਈ ਜੂਨ ਦੇ ਦੂਜੇ ਪੰਦਰਵਾੜੇ (16 ਤੋਂ 30 ਜੂਨ) ਵਿੱਚ ਵੀ ਕੀਤੀ ਜਾ ਸਕਦੀ ਹੈ। ਜਿਨ੍ਹਾਂ ਕਿਸਾਨਾਂ ਨੇ ਝੋਨੇ ਤੋਂ ਬਾਅਦ ਆਲੂ, ਮਟਰ ਜਾਂ ਤੀਸਰੀ ਫ਼ਸਲ ਵਜੋਂ ਹੋਰ ਫ਼ਸਲਾਂ ਲੈਣੀਆਂ ਹਨ, ਉਹ ਘੱਟ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ ਆਰ 126 ਦੀ ਬਿਜਾਈ ਜੂਨ ਦੇ ਪਹਿਲੇ ਹਫਤੇ ਵੀ ਕਰ ਸਕਦੇ ਹਨ।

**ਬੀਜ ਦੀ ਮਾਤਰਾ ਅਤੇ ਸੋਧ** : ਇੱਕ ਏਕੜ ਵਿੱਚ ਝੋਨੇ ਦੀ ਸਿੱਧੀ ਬਿਜਾਈ ਲਈ 8-10 ਕਿਲੋ ਬੀਜ ਵਰਤੋਂ। ਬੀਜ ਨੂੰ 12 ਘੰਟਿਆਂ ਲਈ 2% ਪੋਟਾਸ਼ੀਅਮ ਨਾਈਟ੍ਰੇਟ ਦੇ ਘੋਲ (ਇੱਕ ਏਕੜ ਬੀਜ ਲਈ 200 ਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ 10 ਲੀਟਰ ਪਾਣੀ ਵਿੱਚ) ਵਿੱਚ ਭਿਉਂ ਕੇ, ਛਾਵੇਂ ਸੁਕਾ ਕੇ, 3 ਗ੍ਰਾਮ ਸਪਰਿੰਟ 75 ਡਬਲਯੂ ਐਸ (ਮੈਨਕੋਜ਼ੈਬ + ਕਾਰਬੈਂਡਾਜ਼ਿਮ) ਨੂੰ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ 10-12 ਮਿਲੀਲਿਟਰ ਪਾਣੀ ਵਿੱਚ ਮਿਲਾ ਕੇ ਸੋਧ ਲਵੋ।

**ਲੇਜ਼ਰ ਕਰਾਹੇ ਦੀ ਵਰਤੋਂ** : ਲੋੜ ਅਨੁਸਾਰ ਲੇਜ਼ਰ ਕਰਾਹੇ ਦੀ ਵਰਤੋਂ ਕਰੋ। ਲੇਜ਼ਰ ਕਰਾਹੇ ਦੀ ਵਰਤੋਂ ਨਾਲ ਸਿੰਚਾਈ ਵਾਲੇ ਪਾਣੀ ਦੀ ਸੰਜਮਤਾ ਨਾਲ ਵਰਤੋਂ ਹੁੰਦੀ ਹੈ। ਫ਼ਸਲ ਦਾ ਵਾਧਾ ਇੱਕਸਾਰ ਹੁੰਦਾ ਹੈ।

**ਖੇਤ ਦੀ ਤਿਆਰੀ** : ਲੇਜ਼ਰ ਕਰਾਹ ਕਰਵਾਉਣ ਉਪਰੰਤ ਖੇਤ ਨੂੰ ਕਿਆਰੇ ਪਾ ਕੇ ਰੌਣੀ ਕਰੋ। ਜਦੋਂ ਖੇਤ ਤਰ-ਵੱਤਰ (ਵਾਹੀ ਯੋਗ ਚੰਗੇ ਵੱਤਰ ਵਾਲੇ ਹਾਲਾਤ/ਸਿੱਲ੍ਹਾ ਖੇਤ ਜਿਸ ਵਿੱਚ ਟਰੈਕਟਰ ਬਿਨਾਂ ਟਾਇਰਾਂ ਨਾਲ ਮਿੱਟੀ ਨਾ ਚਿੰਬੜੇ ਜਾਂ ਬਿਨਾਂ ਸਲਿੱਪ ਮਾਰੇ ਚੱਲ ਸਕਦਾ ਹੋਵੇ) ਵਿੱਚ ਆ ਜਾਵੇ ਤਾਂ ਹੋਛਾ ਵਾਹ ਕੇ 2 ਤੋਂ 3 ਵਾਰ ਭਾਰਾ ਸੁਹਾਗਾ (ਮਿੱਟੀ ਦੇ ਭਰੇ ਤਿੰਨ ਬੋਰੇ ਸੁਹਾਗੇ ਉਪਰ ਰੱਖ ਕੇ) ਮਾਰਨ ਤੋਂ ਬਾਅਦ ਤੁਰੰਤ ਬਿਜਾਈ ਕਰ ਦਿਉ।

**ਬਿਜਾਈ ਦਾ ਢੰਗ** : ਬਿਜਾਈ ਲਈ 'ਲੱਕੀ ਸੀਡ ਡਰਿੱਲ' ਜਿਹੜੀ ਕਿ ਝੋਨੇ ਦੀ ਬਿਜਾਈ ਅਤੇ ਨਦੀਨਨਾਸ਼ਕ ਦਾ ਇੱਕਸਾਰ ਛਿੜਕਾਅ ਨਾਲੋਂ-ਨਾਲ ਕਰਦੀ ਹੈ, ਨੂੰ ਤਰਜੀਹ ਦਿਓ। ਇਹ ਮਸ਼ੀਨ ਨਾ ਉਪਲੱਬਧ ਹੋਵੇ ਤਾਂ ਝੋਨਾ ਬੀਜਣ ਵਾਲੀ ਟੇਡੀਆਂ ਪਲੇਟਾਂ (ਇੰਨਕਲਾਈਡ ਪਲੇਟ) ਵਾਲੀ ਟਰੈਕਟਰ ਚਲਿੱਤ ਡਰਿੱਲ ਨਾਲ ਬਿਜਾਈ ਕਰ ਦਿਉ ਅਤੇ ਬਿਜਾਈ ਦੇ ਤੁਰੰਤ ਬਾਅਦ ਨਦੀਨਨਾਸ਼ਕ ਦਾ ਸਪਰੇਅ ਕਰ ਦਿਓ। ਕਿਸੇ ਵੀ ਮੌਜੂਦਾ ਝੋਨੇ ਦੀ ਡਰਿੱਲ ਦੇ ਪਿਛਲੇ ਪਾਸੇਹਰ ਦੋ ਫਾਲਿਆ ਵਿਚਕਾਰ ਨੂੰ 16 ਤੋਂ 17 ਸੈਮੀ. ਚੌੜੇ ਪਹੀਏ ਲਗਾ ਕੇ ਪ੍ਰੈਸ ਵੀਲ ਯੁਕਤ ਡਰਿੱਲ ਬਣਾ ਕੇ ਵਰਤ ਸਕਦੇ ਹੋ। ਬਿਜਾਈ 20 ਸੈਮੀ. ਦੀਆਂ ਕਤਾਰਾਂ ਵਿੱਚ ਕਰੋ। ਬੀਜ ਸਵਾ ਤੋਂ ਡੇਢ ਇੰਚ ਡੂੰਘਾਈ ਤੇ ਬੀਜੋ। ਪਾਣੀ ਦੀ ਹੋਰ ਵੀ ਜ਼ਿਆਦਾ ਬੱਚਤ ਲਈ ਤਰ ਵੱਤਰ ਹਾਲਤ ਵਿੱਚ ਬੈੱਡਾਂ ਉੱਤੇ ਵੀ ਝੋਨੇ ਦੀ ਸਿੱਧੀ ਬਿਜਾਈ ਕੀਤੀ ਜਾ ਸਕਦੀ ਹੈ। ਝੋਨੇ ਦੀ ਸਿੱਧੀ ਬਿਜਾਈ ਦਾ ਬੈੱਡ ਪਲਾਂਟਰ ਨਾਲ 67.5 ਸੈਂਟੀਮੀਟਰ ਚੌੜਾਈ ਵਾਲੇ ਬੈੱਡਾਂ (37.5 ਸੈਂਟੀਮੀਟਰ ਚੌੜੇ ਬੈੱਡ ਅਤੇ 30 ਸੈਂਟੀਮੀਟਰ ਚੌੜੀ ਖਾਲੀ) ਉਤੇ ਕੀਤੀ ਜਾ ਸਕਦੀ ਹੈ। ਚੰਗੇ ਨਤੀਜੇ ਪ੍ਰਾਪਤ ਕਰਨ ਲਈ, ਬੈੱਡ ਕੰਪੈਕਟਰ ਬੈੱਡ ਪਲਾਂਟਰ ਦੀ ਵਰਤੋਂ ਕਰੋ। ਇਸ ਵਿੱਚ ਪਾਣੀ ਖਾਲੀਆਂ ਵਿੱਚ ਹੀ ਲਾਇਆ ਜਾਂਦਾ ਹੈ। ਖੇਤ ਦੀ ਤਿਆਰੀ, ਬਿਜਾਈ ਅਤੇ ਨਦੀਨ ਨਾਸ਼ਕ ਦਾ ਸਪਰੇਅ ਕਦੇ ਵੀ ਦੁਪਹਿਰ ਵੇਲੇ ਨਾ ਕਰੋ।

**ਨਦੀਨਾਂ ਦੀ ਰੋਕਥਾਮ** : ਬਿਜਾਈ ਤੋਂ ਤੁਰੰਤ ਬਾਅਦ ਸਟੌਪ/ਬੰਕਰ 30 ਤਾਕਤ (ਪੈਂਡੀਮੈਥਾਲਿਨ) ਇੱਕ ਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰ ਦਿਉ। ਜੇਕਰ ਮੋਥੇ ਵਰਗੇ ਨਦੀਨ ਉੱਗਣ ਦਾ ਖਦਸ਼ਾ ਹੋਵੇ ਤਾਂ ਪੈਡੀਮੈਥਾਲੀਨ ਦੀ ਜਗਾਹ ਪੇਂਪੇ 25 ਐਸ ਈ (ਪਿਨੋਕਸੁਲਮ 1% + ਪੈਡੀਮੈਥਾਲੀਨ 24%) ਨੂੰ ਬਦਲਵੇਂ ਤੌਰ ਤੇ ਵਰਤੋਂ। ਜੇਕਰ ਲੱਕੀ ਸੀਡ ਡਰਿੱਲ ਵਰਤੀ ਜਾਵੇ ਤਾਂ ਉਸਦੇ ਨਾਲ ਨਦੀਨਨਾਸ਼ਕ ਦਾ ਛਿੜਕਾਅ ਬਿਜਾਈ ਦੇ ਨਾਲੋਂ-ਨਾਲ ਹੀ ਹੋ ਜਾਂਦਾ ਹੈ। ਤਰ ਵੱਤਰ ਬੈੱਡਾਂ ਉੱਤੇ ਝੋਨੇ ਦੀ ਸਿੱਧੀ ਬਿਜਾਈ ਕਰਕੇ ਤੁਰੰਤ ਬਾਅਦ ਨਦੀਨਨਾਸ਼ਕ ਦਾ ਛਿੜਕਾਅ ਕਰੋ। ਜੇਕਰ ਸੁੱਕੇ ਖੇਤ ਵਿੱਚ ਝੋਨੇ ਦੀ ਸਿੱਧੀ ਬਿਜਾਈ ਕੀਤੀ ਹੋਵੇ ਤਾਂ ਬਿਜਾਈ ਤੋਂ ਤੁਰੰਤ ਬਾਅਦ ਸਿੰਚਾਈ ਕਰੋ ਅਤੇ ਵੱਤਰ ਆਉਂਦਿਆਂ ਹੀ (ਜਿਹੜਾ ਕਿ ਬਿਜਾਈ ਤੋਂ 1-2 ਦਿਨਾਂ ਵਿੱਚ ਆ ਜਾਂਦਾ ਹੈ) ਪੈਰ ਧਰਾਵਾ ਹੋਣ ਤੇ, ਨਦੀਨਨਾਸ਼ਕ ਦਾ ਛਿੜਕਾਅ ਕਰੋ। ਇਸ ਤੋਂ ਬਾਅਦ ਜੇ ਲੋੜ ਪਵੇ ਤਾਂ ਗੋਡੀ ਕਰਕੇ ਜਾਂ ਨਦੀਨਾਂ ਦੀ ਕਿਸਮ ਅਨੁਸਾਰ ਸਾਰਨੀ ਵਿੱਚ ਦਿੱਤੇ ਕਿਸੇ ਵੀ ਨਦੀਨਨਾਸ਼ਕ ਦੀ ਵਰਤੋਂ ਕਰਦੇ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਸਿੱਧੀ ਬਿਜਾਈ ਵਿੱਚ ਸਫਲ ਨਦੀਨ ਪ੍ਰਬੰਧ ਲਈ ਨਦੀਨਾਂ ਦੀਆਂ ਕਿਸਮਾਂ ਦੀ ਪਹਿਚਾਣ ਹੋਣੀ ਬਹੁਤ ਜ਼ਰੂਰੀ ਹੈ, ਖਾਸ ਕਰਕੇ ਜਦੋਂ ਨਦੀਨ 2-4 ਪੱਤਿਆਂ ਦੀ ਅਵਸਥਾ ਵਿੱਚ ਹੋਣ।

**ਸਿੰਚਾਈ ਪ੍ਰਬੰਧ** : ਤਰ-ਵੱਤਰ ਖੇਤ ਵਿੱਚ ਪੱਧਰੀ ਅਤੇ ਤਰ-ਵੱਤਰ ਬੈੱਡਾਂ ਉੱਤੇ ਬਿਜਾਈ ਕਰਕੇ ਪਹਿਲਾ ਪਾਣੀ ਬਿਜਾਈ ਤੋਂ ਤਕਰੀਬਨ 21 ਦਿਨ ਬਾਅਦ ਲਾਉ। ਪਹਿਲੀ ਸਿੰਚਾਈ ਲੇਟ ਕਰਨ ਨਾਲ ਨਦੀਨਾਂ ਦੀ ਸਮੱਸਿਆ ਬਹੁਤ ਘੱਟ ਜਾਂਦੀ ਹੈ ਕਿਉਂਕਿ ਜ਼ਮੀਨ ਦੀ ਸਤਹਿ ਜਲਦੀ ਸੁੱਕ ਜਾਣ ਕਰਕੇ ਨਦੀਨ ਨਹੀਂ ਜੰਮਦੇ। ਦੂਸਰਾ, ਪਾਣੀ ਲੇਟ ਹੋਣ ਨਾਲ ਜ਼ਮੀਨ ਵਿੱਚ ਪਏ ਤੱਤ ਥੱਲੇ ਨਹੀਂ ਜੀਰਦੇ ਅਤੇ ਜੜ੍ਹਾਂ ਡੂੰਘੀਆਂ ਜਾਣ ਕਰਕੇ ਖੁਰਾਕੀ ਤੱਤਾਂ ਦੀ ਘਾਟ ਬਹੁਤ ਘੱਟ ਆਵੇਗੀ। ਜੇਕਰ ਝੋਨੇ ਦੇ ਪੁੰਗਾਰ ਹੋਣ ਤੋਂ ਪਹਿਲਾਂ ਬਰਸਾਤ ਹੋਣ ਕਰਕੇ ਝੋਨਾ ਕਰੰਡ ਹੋ ਜਾਵੇ ਤਾਂ ਉਸਨੂੰ 'ਸਰੀਆ ਵਾਲੀ ਕਰੰਡੀ' ਨਾਲ ਤੋੜ ਦਿਉ ਪਰ ਪਹਿਲਾਂ ਪਾਣੀ ਤਕਰੀਬਨ 21 ਦਿਨ ਤੇ ਹੀ ਲਾਉ। ਕਦੇ ਵੀ ਮੀਂਹ ਤੋਂ ਬਾਅਦ ਦੁਚਿੱਤੀ ਵਿੱਚ ਨਾ ਪਉ ਕਿਉਕਿ ਜ਼ਮੀਨ ਵਿੱਚ ਝੋਨੇ ਦੀਆਂ ਤੂਈਆਂ ਦਾ ਲਗਾਤਾਰ ਵਾਧਾ ਹੁੰਦਾ ਹੈ ਅਤੇ ਇਹ ਜ਼ਮੀਨ ਦੀ ਉਪਰਲੀ ਸਖਤ ਸਤ੍ਹਾ ਨਾਲ ਟਕਰਾ ਕੇ ਇਹ ਤੂਈਆਂ ਮੁੜ ਜਾਂਦੀਆਂ ਹਨ। ਸੁੱਕੇ ਖੇਤ ਵਿੱਚ ਝੋਨੇ ਦੀ ਸਿੱਧੀ ਬਿਜਾਈ ਕਰਕੇ ਤੁਰੰਤ ਬਾਅਦ ਸਿੰਚਾਈ ਕਰੋ ਅਤੇ ਦੂਜੀ ਸਿੰਚਾਈ 4-5 ਦਿਨਾਂ ਬਾਅਦ ਕਰੋ। ਇਸ ਤੋਂ ਬਾਅਦ ਜ਼ਮੀਨ ਦੀ ਕਿਸਮ ਅਤੇ ਮੌਸਮ ਦੇ ਮਜਾਜ ਅਨੁਸਾਰ 5-7 ਦਿਨਾਂ ਦੇ ਵਕਫੇ ਤੇ ਪਾਣੀ ਦਿਓ।

**ਖਾਦਾਂ ਦੀ ਵਰਤੋਂ** : ਸਿੱਧੇ ਬੀਜੇ ਪਰਮਲ ਝੋਨੇ ਵਿੱਚ 130 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਤਿੰਨ ਬਰਾਬਰ ਕਿਸ਼ਤਾਂ ਵਿੱਚ ਵੰਡ ਕੇ ਬਿਜਾਈ ਤੋਂ 4, 6 ਅਤੇ 9 ਹਫਤਿਆਂ ਬਾਅਦ ਛੱਟੇ ਨਾਲ ਪਾਓ। ਬਾਸਮਤੀ ਝੋਨੇ ਦੀ ਫ਼ਸਲ ਵਿੱਚ 54 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਤਿੰਨ ਬਰਾਬਰ ਕਿਸ਼ਤਾਂ ਵਿੱਚ ਵੰਡ ਕੇ ਬਿਜਾਈ ਤੋਂ 3, 6 ਅਤੇ 9 ਹਫਤਿਆਂ ਬਾਅਦ ਛੱਟੇ ਨਾਲ ਪਾਓ। ਫਾਸਫੋਰਸ ਅਤੇ ਪੋਟਾਸ਼ ਤੱਤਾਂ ਦੀ ਵਰਤੋਂ ਮਿੱਟੀ ਪਰਖ ਦੇ ਅਧਾਰ ਤੇ ਕਰੋ। ਲੋਹੇ ਦੀ ਘਾਟ ਆਉਣ ਤੇ 1% ਫੈਰਸ ਸਲਫੇਟ (1 ਕਿਲੋ ਫੈਰਸ ਸਲਫੇਟ 100 ਲਿਟਰ ਪਾਣੀ ਵਿੱਚ ਘੋਲ ਕੇ) ਦੇ ਦੋ ਛਿੜਕਾਅ ਹਫਤੇ ਦੇ ਵਕਫ਼ੇ ਤੇ ਕਰੋ।

**ਚੋਭੇ/ਰਲ੍ਹੇ ਦਾ ਪ੍ਰਬੰਧ**

1. ਹਮੇਸ਼ਾ ਮਿਆਰੀ ਬੀਜਾਂ ਦੀ ਵਰਤੋਂ ਕਰੋ। ਕਿਉਂਕਿ ਚੋਭੇ ਅਤੇ ਰਲ੍ਹੇ ਦੀ ਸਮੱਸਿਆ ਦਾ ਮੁੱਖ ਕਾਰਨ ਗੈਰਮਿਆਰੀ ਬੀਜ ਹੈ।
2. ਰਲ੍ਹੇ ਤੋਂ ਬਚਣ ਲਈ ਪਿਛਲੇ ਸਾਲ ਵਾਲੀ ਝੋਨੇ ਦੀ ਬੀਜੀ ਕਿਸਮ ਹੀ ਬੀਜੋ।
3. ਜਿਨ੍ਹਾਂ ਖੇਤਾਂ ਵਿੱਚ ਚੋਭੇ ਦੀ ਸਮੱਸਿਆ ਹੋਵੇ ਤਾਂ ਦੂਹਰੀ ਰੌਣੀ ਕਰੋ ਤਾਂ ਕਿ ਪਿਛਲੇ ਸਾਲ ਵਿੱਚ ਬੀਜੇ ਝੋਨੇ ਦਾ ਬੀਜ ਪੁੰਗਰ ਆਵੇ ਅਤੇ ਖੇਤ ਤਿਆਰ ਕਰਨ ਸਮੇਂ ਖਤਮ ਹੋ ਜਾਵੇ।

**ਸਾਰਨੀ : ਝੋਨੇ ਦੀ ਖੜ੍ਹੀ ਫ਼ਸਲ ਵਿੱਚ ਵਰਤੇ ਜਾਣ ਵਾਲੇ ਨਦੀਨਨਾਸ਼ਕ**

| ਨਦੀਨਨਾਸ਼ਕ ਦਾ ਨਾਂ | ਮਾਤਰਾ ਪ੍ਰਤੀ ਏਕੜ | ਨਦੀਨਾਂ ਦੀ ਰੋਕਥਾਮ | ਛਿੜਕਾਅ ਕਰਨ ਸਮੇਂ ਨਦੀਨਾਂ ਦੀ ਅਵਸਥਾ |
|---|---|---|---|
| ਕੌਂਸਿਲ ਐਕਟਿਵ 30 ਫਬਲਯੂ ਜੀ (ਟਰਾਇਅਫ਼ੈਮੋਨ 20% + ਇਥੌਕਸੀਸਲਫੂਰਾਨ 10%) | 90 ਗ੍ਰਾਮ | ਸਵਾਂਕ, ਚੀਨੀ (ਘੋੜਾ) ਘਾਹ, ਚੌੜੇ ਪੱਤੀ ਵਾਲੇ ਨਦੀਨ, ਝੋਨੇ ਦੇ ਮੈਥੇ, ਗੰਢੀ ਵਾਲਾ ਡੀਲਾ/ਮੋਰਾ | 1-2 ਪੱਤੇ |
| ਵਿਵਾਇਆ 6 ਓ ਡੀ (ਪਿਨੌਕਸੁਲਮ 1.02% + ਸਾਈਹੈਲੋਫੋਪ 5.1%) | 900 ਮਿਲੀਲਿਟਰ | ਸਵਾਂਕ, ਚੀਨਾ (ਘੋੜਾ) ਘਾਹ ਚੌੜੇ ਪੱਤੀ ਵਾਲੇ ਨਦੀਨ, ਝੋਨੇ ਦੇ ਮੋਥੇ | 1-2 ਪੱਤੇ |
| ਨੌਮਨੀਗੋਲਡ 10 ਐਸ ਸੀ (ਬਿਸਪਾਇਰੀਬੈਕ) | 100 ਮਿਲੀਲਿਟਰ | ਸਵਾਂਕ, ਝੋਨੇ ਦੇ ਮੋਥੇ | 2-4 ਪੱਤੇ |
| ਰਾਈਸਸਟਾਰ 6.7 ਈਸੀ (ਫਿਨਾਕਸਾਪਰੋਪ-ਪੀ-ਇਥਾਇਲ) | 400 ਮਿਲੀਲਿਟਰ | ਗੁੜਤਮਧਾਨਾ, ਚੀਨੀ (ਘੋੜਾ) ਘਾਹ, ਚਿੜੀ ਘਾਹ, ਤੱਕੜੀ ਘਾਹ | 2-4 ਪੱਤੇ |
| ਐਲੀਮਿਕਸ 20 ਡਬਲਯੂ ਪੀ (ਕਲੋਰੀਮਿਉਰਾਨ ਇਥਾਇਲ + ਮੈਟਸਲਫੂਰਾਨ ਮਿਥਾਇਲ) | 8 ਗ੍ਰਾਮ | ਚੌੜੇ ਪੱਤੀ ਵਾਲੇ ਨਦੀਨ, ਝੋਨੇ ਦੇ ਮੈਥੇ, ਗੰਢੀ ਵਾਲਾ ਡੀਲਾ/ਮੋਥਾ | 2-4 ਪੱਤੇ |
| ਨੋਵਲੈਕਟ 12 ਈ ਸੀ (ਫਲੋਰਪਾਈਰਾਕਸੀਫੇਨ ਬੈਨਜਾਇਲ 2.13% + ਸਾਈਹੈਲੋਫੋਪ ਬਿਊਟਾਇਲ 10.64%) | 500 ਮਿਲੀਲਿਟਰ | ਸਵਾਂਕ, ਚੀਨੀ (ਘੋੜਾ) ਘਾਹ, ਚੌੜੇ ਪੱਤੀ ਵਾਲੇ ਨਦੀਨ, ਝੋਨੇ ਦੇ ਮੋਥੇ, ਗੰਢੀ ਵਾਲਾ ਡੀਲਾ/ਮੋਥਾ | 2-4 ਪੱਤੇ |
| ਏਕੇਤਸੂ 43 ਡਬਲਯੂ ਜੀ (ਬਿਸਪਾਇਰੀਬੈਕ 38% + ਕਲੋਰੀਮਿਯੂਰਾਨ 2.5% + ਮੈਟਸਲਫੂਰਾਨ 2.5%) | 40 ਗ੍ਰਾਮ | ਸਵਾਂਕ, ਝੋਨੇ ਦੇ ਮੋਥੇ, ਗੰਢੀ ਵਾਲਾ ਡੀਲਾ/ਮੋਥਾ, ਚੌੜੇ ਪੱਤੀ ਵਾਲੇ ਨਦੀਨ | 2-4 ਪੱਤੇ |

ਨਦੀਨਾਂ ਦੀ ਦੱਸੀ ਹੋਈ ਅਵਸਥਾ ਅਨੁਸਾਰ ਹੀ ਨਦੀਨਨਾਸ਼ਕ ਦਾ ਛਿੜਕਾਅ ਕਰੋ। ਨਦੀਨਨਾਸ਼ਕ ਦਾ ਛਿੜਕਾਅ ਹਮੇਸ਼ਾਂ ਵੱਤਰ ਖੇਤ ਵਿੱਚ ਕਰੋ ਅਤੇ ਇਸ ਤੋਂ ਬਾਅਦ ਇਕ ਹਫਤੇ ਲਈ ਖੇਤ ਨੂੰ ਵੱਤਰ ਸਥਿਤੀ ਵਿੱਚ ਰੱਖੋ। ਬਚੇ ਹੋਏ ਨਦੀਨਾਂ ਨੂੰ ਹੱਥ ਨਾਲ ਖਿੱਚ ਕੇ ਜਾਂ ਗੋਡੀ ਕਰਕੇ ਪੁੱਟ ਦਿਉ।

ਮਨਪ੍ਰੀਤ ਸਿੰਘ ਅਤੇ ਸਿਮਰਜੀਤ ਕੌਰ,
ਫ਼ਸਲ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ
(ਮੋ. 75891-66117)

# ਕਪਾਹ/ਨਰਮੇ ਵਿੱਚ ਨਦੀਨਾਂ ਦੀ ਰੋਕਥਾਮ ਲਈ ਜ਼ਰੂਰੀ ਨੁਕਤੇ



ਕਤਾਰਾਂ ਵਿਚਲਾ ਫਾਸਲਾ ਜ਼ਿਆਦਾ ਹੋਣ ਕਰਕੇ ਕਪਾਹ/ਨਰਮੇ ਦੀ ਫ਼ਸਲ ਵਿੱਚ ਨਦੀਨਾਂ ਦੀ ਸਮੱਸਿਆ ਬਹੁਤ ਆਉਂਦੀ ਹੈ। ਨਰਮੇ ਵਿੱਚ ਨਦੀਨ ਪ੍ਰਬੰਧਨ ਲਈ ਸੰਵੇਦਨਸ਼ੀਲ ਸਮੇਂ (20-60 ਦਿਨ) ਦੌਰਾਨ ਨਦੀਨਾਂ ਦੀ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੈ । ਕਪਾਹ/ਨਰਮੇ ਵਿੱਚ ਕਈ ਤਰ੍ਹਾਂ ਦੇ ਮੌਸਮੀ ਨਦੀਨ ਜਿਵੇਂ ਕਿ ਮਧਾਣਾ, ਮੱਕੜਾ, ਤੱਕੜੀ ਘਾਹ, ਇਟਸਿਟ, ਚੁਲਾਈ, ਤਾਂਦਲਾ, ਭੱਖੜਾ, ਕੰਗੀ ਬੂਟੀ ਅਤੇ ਪੀਲੀ ਬੂਟੀ ਆਦਿ ਦੀ ਸਮੱਸਿਆ ਆਉਂਦੀ ਹੈ । ਇਹਨਾਂ ਨਦੀਨਾਂ ਦੀ ਰੋਕਥਾਮ 2-3 ਗੋਡੀਆਂ ਜਾਂ ਫਿਰ ਨਦੀਨਨਾਸ਼ਕਾਂ ਨਾਲ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਤ੍ਰਿਫਾਲੀ ਜਾਂ ਟਰੈਕਟਰ ਟਿੱਲਰ (ਸੀਲਰ) ਨਾਲ ਨਦੀਨਾਂ ਦੀ ਰੋਕਥਾਮ ਫ਼ਸਲ ਦੇ ਸ਼ੁਰੂਆਤੀ ਪੜਾਅ ਵਿੱਚ ਕੀਤੀ ਜਾ ਸਕਦੀ ਹੈ, ਪਰ ਇਹਨਾਂ ਦੀ ਵਰਤੋਂ ਫ਼ਸਲ ਦੇ ਪਿਛਲੇਰੇ ਪੜ੍ਹਾਵਾਂ ਵਿਸ਼ੇਸ਼ ਤੌਰ 'ਤੇ ਫੁੱਲ-ਡੋਡੀ ਪੈਣ ਉਪਰੰਤ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਨਾਲ ਫੁੱਲ-ਡੋਡੀ ਝੜਨ ਦਾ ਨੁਕਸਾਨ ਹੁੰਦਾ ਹੈ । ਦੂਜੇ ਪਾਸੇ ਇਟਸਿਟ / ਚੁਪੱਟੀ ਅਤੇ ਮਧਾਣਾ / ਮੱਕੜਾ ਦੀ ਰੋਕਥਾਮ ਲਈ ਬਿਜਾਈ ਦੇ 24 ਘੰਟੇ ਅੰਦਰ 1.0 ਲਿਟਰ ਪ੍ਰਤੀ ਏਕੜ ਸਟੌਂਪ 30 ਈ ਸੀ (ਪੈਂਡੀਮੈਥਾਲਿਨ) ਛਿੜਕਾਅ ਕਰਨਾ ਚਾਹੀਦਾ ਹੈ ਅਤੇ 45 ਦਿਨਾਂ ਬਾਅਦ ਇਕ ਗੋਡੀ ਕਰਨੀ ਚਾਹੀਦੀ ਹੈ । ਜੇਕਰ ਪਹਿਲੀ ਸਿੰਚਾਈ ਜਾਂ ਬਾਰਿਸ਼ ਤੋਂ ਬਾਅਦ ਨਦੀਨਾਂ ਦੇ ਜ਼ਿਆਦਾ ਜੰਮਣ ਦੇ ਅਸਾਰ ਹੋਣ ਤਾਂ ਪਹਿਲੀ ਸਿੰਚਾਈ ਜਾਂ ਬਾਰਿਸ਼ ਤੋਂ ਬਾਅਦ ਚੰਗੇ ਵੱਤਰ ਤੇ 1.0 ਲੀਟਰ ਸਟੌਂਪ 30 ਈ ਸੀ (ਪੈਂਡੀਮੈਥਾਲਿਨ) ਨਦੀਨ ਉੱਗਣ ਤੋਂ ਪਹਿਲਾਂ ਫ਼ਸਲ ਦੇ ਉੱਪਰ ਵੀ ਕੀਤੀ ਜਾ ਸਕਦੀ ਹੈ । ਸਟੌਂਪ ਉੱਗੇ ਹੋਏ ਨਦੀਨਾਂ ਨੂੰ ਨਹੀਂ ਮਾਰਦਾ ਇਸ ਲਈ ਛਿੜਕਾਅ ਤੋਂ ਪਹਿਲਾਂ ਉੱਗੇ ਨਦੀਨਾਂ ਨੂੰ ਗੋਡੀ ਕਰਕੇ ਪੁੱਟ ਦਿਉ । ਪਰ ਸਟੌਂਪ ਦੀ ਸਿਫ਼ਾਰਸ਼ ਕੀਤੀ ਮਾਤਰਾ ਤੋਂ ਜ਼ਿਆਦਾ ਮਾਤਰਾ ਦੀ ਵਰਤੋਂ, ਫ਼ਸਲ ਦਾ ਨੁਕਸਾਨ ਕਰ ਸਕਦੀ ਹੈ। ਨਦੀਨਨਾਸ਼ਕ ਦਾ ਛਿੜਕਾਅ ਫਲੈਟ ਫੈਨ ਜਾਂ ਫਲੱਡ ਜੈਟ ਨੋਜ਼ਲ ਨਾਲ 200 ਲੀਟਰ ਪਾਣੀ ਦੀ ਵਰਤੋਂ ਕਰਕੇ ਇਕਸਾਰ ਕਰੋ । ਫ਼ਸਲ ਵਿੱਚ ਪਹਿਲੇ ਪਾਣੀ ਤੋਂ ਬਾਅਦ ਖੇਤ ਵੱਤਰ ਆਉਣ ਤੇ 1-3 ਪੱਤਿਆਂ ਵਾਲੇ ਘਾਹ ਅਤੇ ਚੌੜੇ ਪੱਤੇ ਵਾਲੇ ਮੌਸਮੀ ਨਦੀਨਾਂ ਦੀ ਰੋਕਥਾਮ ਲਈ 500 ਮਿਲੀਲਿਟਰ ਪ੍ਰਤੀ ਏਕੜ ਹਿਟਵੀਡ ਮੈਕਸ 10 ਐਮ.ਈ.ਸੀ. (ਪਾਇਰੀਥਾਇਓਬੈਕ ਸੋਡੀਅਮ 6% + ਕੁਇਜ਼ਾਲੋਫਾਪ ਇਥਾਇਲ 4%) ਦਾ ਛਿੜਕਾਅ ਕਰਨਾ ਚਾਹੀਦਾ ਹੈ । ਇਹ ਨਦੀਨਨਾਸ਼ਕ

ਬਾਕੀ ਸਫਾ 6 'ਤੇ




# ਸਰਹਿੰਦ ਫ਼ਤਹਿ ਦਿਵਸ

ਦੀ

316ਵੀਂ ਵਰ੍ਹੇਗੰਢ

ਮੌਕੇ

ਪੰਜਾਬ ਸਰਕਾਰ

ਮਹਾਨ ਸਿੱਖ ਜਰਨੈਲ

## ਬਾਬਾ ਬੰਦਾ ਸਿੰਘ ਬਹਾਦਰ ਜੀ

ਨੂੰ ਸ਼ਰਧਾਪੂਰਵਕ ਸਤਿਕਾਰ ਭੇਟ ਕਰਦੀ ਹੈ।

**ਸਰਹਿੰਦ ਫ਼ਤਹਿ ਦਿਵਸ, ਸਰਹਿੰਦ** 'ਤੇ **ਇਤਿਹਾਸਕ ਜਿੱਤ** ਦਾ ਪ੍ਰਤੀਕ ਹੈ
ਜਿਸ ਸਦਕਾ **ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ** ਦੇ **ਛੋਟੇ ਸਾਹਿਬਜ਼ਾਦਿਆਂ**
ਅਤੇ **ਮਾਤਾ ਜੀ** ਦੀ ਸ਼ਹਾਦਤ ਦਾ ਬਦਲਾ ਲੈਂਦਿਆਂ ਪੰਜਾਬ ਵਿੱਚ
**ਮੁਗ਼ਲਾਂ ਦੇ ਜ਼ੁਲਮ ਦਾ ਖ਼ਾਤਮਾ** ਕੀਤਾ ਗਿਆ।

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 20
ਮਿਤੀ 16-05-2026

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
RNI No.**PUNPUN00806**


# ਪੰਜਾਬ ਵਿੱਚ ਕੁਦਰਤੀ ਸੋਮਿਆਂ ਦੀ ਸੰਭਾਲ ਲਈ ਫ਼ਸਲੀ ਵਿਭਿੰਨਤਾ ਅਪਣਾਓ


**ਜਗਮੋਹਨ ਕੌਰ, ਅਮਿਤ ਕੌਲ ਅਤੇ ਅਫ਼ਜ਼ਲ ਅਹਿਮਦ,**
ਫ਼ਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ.950 13-66993)


ਫ਼ਸਲੀ ਵਿਭਿੰਨਤਾ, ਖੇਤੀਬਾੜੀ ਉਤਪਾਦਨ ਦੀ ਸਥਿਰਤਾ ਲਈ ਸਮੇਂ ਦੀ ਮੁੱਖ ਲੋੜ ਹੈ। ਇਸ ਨੂੰ ਖੇਤਰੀ ਆਮਦਨ ਵਧਾਉਣ, ਰੁਜ਼ਗਾਰ ਪੈਦਾ ਕਰਨ, ਗਰਬੀ ਘਟਾਉਣ ਅਤੇ ਕੀਮਤੀ ਕੁਦਰਤੀ ਸਰੋਤਾਂ ਨੂੰ ਬਚਾਉਣ ਲਈ ਇੱਕ ਪ੍ਰਭਾਵਸ਼ਾਲੀ ਸਾਧਨ ਵਜੋਂ ਵਰਤਿਆ ਜਾ ਸਕਦਾ ਹੈ। ਇਸ ਲਈ, ਕੁਝ ਰਕਬੇ ਨੂੰ ਵੱਖ-ਵੱਖ ਫ਼ਸਲਾਂ ਜਿਵੇਂ ਕਿ ਮੱਕੀ, ਤੇਲਬੀਜ, ਦਾਲਾਂ, ਸਬਜ਼ੀਆਂ, ਖੁਸ਼ਬੂਦਾਰ ਫ਼ਸਲਾਂ, ਰੇਸ਼ੇਦਾਰ ਫ਼ਸਲਾਂ ਅਤੇ ਚਾਰੇ ਆਦਿ ਅਧੀਨ ਲਿਆਉਣਾ ਦੇਸ਼ ਅਤੇ ਰਾਜ ਦੀ ਖੁਰਾਕੀ ਤੇ ਪੌਸ਼ਟਿਕ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਅ ਸਕਦਾ ਹੈ।

## ਮੱਕੀ ਆਧਾਰਿਤ ਫ਼ਸਲੀ ਚੱਕਰ

**ਮੱਕੀ-ਆਲੂ-ਕਣਕ/ਪਿਆਜ਼/ਸੂਰਜਮੁਖੀ** : ਘੱਟ ਸਮਾਂ ਲੈਣ ਵਾਲੀ ਮੱਕੀ ਦੀ ਕਿਸਮ ਦੀ ਬਿਜਾਈ ਜੂਨ ਦੇ ਅੱਧ ਵਿੱਚ ਕਰੋ ਤਾਂਕਿ ਖੇਤ ਅੱਧ ਸਤੰਬਰ ਤੱਕ ਆਲੂ ਦੀ ਫ਼ਸਲ ਦੀ ਬਿਜਾਈ ਲਈ ਖਾਲੀ ਹੋ ਜਾਵੇ। ਜੇਕਰ ਆਲੂਆਂ ਤੋਂ ਬਾਅਦ ਪਿਛੇਤੀ ਕਣਕ ਦੀ ਬਿਜਾਈ ਕਰਨੀ ਹੋਵੇ



ਤਾਂ ਆਲੂ ਦੀ ਘੱਟ ਸਮੇਂ ਵਿੱਚ ਪੱਕਣ ਵਾਲੀ ਕਿਸਮ ਬੀਜਣੀ ਚਾਹੀਦੀ ਹੈ, ਜੋ ਤਿੰਨ ਮਹੀਨਿਆਂ ਵਿੱਚ ਖੇਤ ਨੂੰ ਕਣਕ ਦੀ ਪਿਛੇਤੀ ਬਿਜਾਈ ਲਈ ਵਿਹਲਾ ਕਰ ਦੇਵੇ। ਇਸ ਪਿਛੇਤੀ ਕਣਕ ਨੂੰ ਸਿਫ਼ਾਰਿਸ਼ ਨਾਲੋਂ ਅੱਧੀ ਨਾਈਟ੍ਰੋਜਨ ਹੀ ਪਾਉਣੀ ਚਾਹੀਦੀ ਹੈ ਜਦਕਿ ਫ਼ਾਸਫ਼ੋਰਸ ਜਾਂ ਪੋਟਾਸ਼ ਖਾਦ ਪਾਉਣ ਦੀ ਲੋੜ ਨਹੀਂ ਹੁੰਦੀ। ਬਾਕੀ ਫ਼ਸਲਾਂ ਤੋਂ ਪਹਿਲਾਂ, ਆਲੂ ਦੀ ਕੋਈ ਵੀ ਦਰਮਿਆਨੇ ਸਮੇਂ ਦੀ ਜਾਂ ਪਿਛੇਤੀ ਕਿਸਮ ਦੀ ਚੋਣ ਕੀਤੀ ਜਾ ਸਕਦੀ ਹੈ। ਮੱਕੀ-ਆਲੂ-ਪਿਆਜ਼ ਫ਼ਸਲੀ ਚੱਕਰ, ਝੋਨੇ ਅਤੇ ਕਣਕ ਦੇ ਫ਼ਸਲੀ ਚੱਕਰ ਨਾਲੋਂ ਵੱਧ ਪੈਦਾਵਾਰ ਅਤੇ ਆਮਦਨ ਦਿੰਦਾ ਹੈ ਅਤੇ ਇਸ ਦੇ ਨਾਲ ਪਾਣੀ ਦੀ ਵੀ ਚੋਖੀ ਬੱਚਤ ਹੁੰਦੀ ਹੈ। ਇਸ ਫ਼ਸਲੀ ਚੱਕਰ ਨੂੰ ਅਪਣਾਉਣ ਵਾਸਤੇ ਮੱਕੀ ਦੀ ਬਿਜਾਈ ਅੱਧ ਜੂਨ, ਆਲੂ (ਕੁਫਰੀ ਚੰਦਰਮੁਖੀ) ਦੀ ਅਕਤੂਬਰ ਦੇ ਪਹਿਲੇ ਹਫ਼ਤੇ ਵਿੱਚ ਅਤੇ ਪਿਆਜ਼ (ਪੰਜਾਬ ਨਰੋਆ) ਦੀ ਬਿਜਾਈ 15 ਜਨਵਰੀ ਤੱਕ ਕਰ ਲੈਣੀ ਚਾਹੀਦੀ ਹੈ। ਇਹ ਫ਼ਸਲੀ ਚੱਕਰ ਅਪਨਾਉਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ (ਜੈਵਿਕ ਕਾਰਬਨ, ਨਾਈਟ੍ਰੋਜਨ, ਫ਼ਾਸਫੋਰਸ ਅਤੇ ਪੋਟਾਸ਼) ਵਿੱਚ ਬਹੁਤ ਸੁਧਾਰ ਹੋ ਜਾਂਦਾ ਹੈ। ਇਸ ਫ਼ਸਲੀ ਚੱਕਰ ਵਿੱਚ ਮੱਕੀ ਨੂੰ ਹਰੀ ਛੱਲੀਆਂ (ਬਿਜਾਈ ਤੋਂ 55 ਦਿਨਾਂ ਬਾਅਦ) ਦੇ ਤੌਰ ਤੇ ਅਤੇ ਟਾਂਡਿਆਂ ਨੂੰ ਚਾਰੇ ਲਈ ਵਰਤਿਆ ਜਾ ਸਕਦਾ ਹੈ। ਇਸੇ ਤਰ੍ਹਾਂ, ਮੱਕੀ-ਆਲੂ-ਸੂਰਜਮੁਖੀ ਵਾਲੇ ਫ਼ਸਲੀ ਚੱਕਰ ਵਿੱਚ ਆਲੂਆਂ ਤੋਂ ਬਾਅਦ, ਜਨਵਰੀ ਦੇ ਪਹਿਲੇ ਪੰਦਰਵਾੜੇ ਵਿੱਚ ਸੂਰਜਮੁਖੀ ਦੀ ਬਿਜਾਈ ਪੂਰਬ-ਪੱਛਮ ਵਿੱਚ ਵੱਟਾਂ ਪਾ ਕੇ ਦੱਖਣ ਵਾਲੇ ਪਾਸੇ ਕਰਨੀ ਚਾਹੀਦੀ ਹੈ। ਜੇਕਰ ਆਲੂਆਂ ਨੂੰ ਸਿਫ਼ਾਰਸ਼ ਕੀਤੀ ਰੂੜੀ ਅਤੇ ਰਸਾਇਣਕ ਖਾਦਾਂ ਦੀ ਮਾਤਰਾ ਪਾਈ ਗਈ ਹੋਵੇ ਤਾਂ ਇਸ ਤੋਂ ਬਾਅਦ ਬੀਜੀ ਸੂਰਜਮੁਖੀ ਦੀ ਫ਼ਸਲ ਨੂੰ 12 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਣੀ ਚਾਹੀਦੀ ਹੈ। ਆਲੂਆਂ ਦੀ ਥਾਂ ਤੇ ਤੋਰੀਏ ਦੀ ਘੱਟ ਸਮਾਂ ਲੈਣ ਵਾਲੀ ਕਿਸਮ (ਟੀ ਐਲ 15) ਵੀ ਲਗਾਈ ਜਾ ਸਕਦੀ ਹੈ।

**ਮੱਕੀ-ਆਲੂ-ਮੈਂਥਾ** : ਮੱਕੀ-ਆਲੂ-ਮੈਂਥਾ ਫ਼ਸਲੀ ਚੱਕਰ ਵਿੱਚ, ਮੈਂਥੇ ਦੀ ਕੋਈ ਵੀ ਕਿਸਮ ਜਿਵੇਂ ਕਿ ਕੋਸੀ, ਸਿੰਮ ਕ੍ਰਾਂਤੀ, ਸਿੰਮ ਉਨਤੀ, ਆਲੂਆਂ ਤੋਂ ਬਾਅਦ ਜਨਵਰੀ ਦੇ ਦੂਜੇ ਪੰਦਰ੍ਹਵਾੜੇ ਵਿੱਚ ਲਾਉਣੀ ਚਾਹੀਦੀ ਹੈ। ਮੈਂਥਾ ਉਥੇ ਹੀ ਲਗਾਉਣਾ ਚਾਹੀਦਾ ਹੈ, ਜਿੱਥੇ ਨੇੜੇ-ਤੇੜੇ ਮੈਂਥੇ ਦਾ ਪਲਾਂਟ ਹੋਵੇ।

**ਮੱਕੀ-ਆਲੂ/ਗੋਭੀ ਸਰ੍ਹੋਂ -ਗਰਮ ਰੁੱਤ ਦੀ ਮੂੰਗੀ** : ਆਲੂਆਂ ਤੋਂ ਬਾਅਦ ਜੇਕਰ ਗਰਮ ਰੁੱਤ ਦੀ ਮੂੰਗੀ ਬੀਜਣੀ ਹੋਵੇ ਤਾਂ ਇਸ ਨੂੰ ਮਾਰਚ ਦੇ ਦੂਜੇ ਹਫ਼ਤੇ ਤੋਂ ਤੀਜੇ ਹਫ਼ਤੇ ਤੱਕ ਬੀਜ ਲੈਣਾ ਚਾਹੀਦਾ ਹੈ। ਆਲੂਆਂ ਤੋਂ ਬਾਅਦ ਬੀਜੀ ਹੋਈ ਗਰਮ ਰੁੱਤ ਦੀ ਮੂੰਗੀ ਨੂੰ ਕਿਸੇ ਕਿਸਮ ਦੀ ਖਾਦ ਦੀ ਲੋੜ ਨਹੀਂ ਪੈਂਦੀ। ਆਲੂਆਂ ਦੀ ਜਗ੍ਹਾ ਤੇ ਗੋਭੀ ਸਰ੍ਹੋਂ ਵੀ 10-30 ਅਕਤੂਬਰ ਨੂੰ ਬੀਜੀ ਜਾ ਸਕਦੀ ਹੈ ਤੇ ਗਰਮੀ ਰੁੱਤ ਦੀ ਮੂੰਗੀ ਨੂੰ ਸਮੇਂ ਸਿਰ ਬੀਜਣ ਲਈ ਰੌਣੀ ਕਰਨ ਤੋਂ ਤੁਰੰਤ ਬਾਅਦ ਬਿਨਾਂ ਵਾਹੀ ਦੇ ਬੀਜ ਦਿਓ।

**ਮੱਕੀ-ਕਣਕ-ਰਵਾਂਹ/ਬਾਜਰਾ/ਮੱਕੀ (ਚਾਰਾ)** : ਗਰਮੀ ਰੁੱਤ ਦੇ ਚਾਰੇ ਜਿਵੇਂ ਰਵਾਂਹ/ਬਾਜਰਾ/ਮੱਕੀ, ਹਰੇ ਚਾਰੇ ਦੀ ਥੁੜ ਵਾਲੇ ਸਮੇਂ ਵਿੱਚ ਵਧੀਆ ਚਾਰਾ ਦੇ ਦਿੰਦੇ ਹਨ। ਇਹ ਕਣਕ ਦੀ ਕਟਾਈ ਤੋਂ ਬਾਅਦ ਅਪ੍ਰੈਲ ਦੇ ਅਖੀਰਲੇ ਹਫ਼ਤੇ ਬੀਜੇ ਜਾਂਦੇ ਹਨ ਤਾਂ ਜੋ ਸਾਉਣੀ ਰੁੱਤ ਦੀ ਪਕਾਵੀਂ ਮੱਕੀ ਨੂੰ ਸਹੀ ਸਮੇਂ ਬੀਜਣ ਲਈ ਖੇਤ ਖਾਲੀ ਕਰ ਦੇਣ। ਮੱਕੀ ਤੋਂ ਬਾਅਦ ਕਣਕ ਦੀ ਬਿਜਾਈ ਸਮੇਂ ਸਿਰ ਹੋ ਜਾਂਦੀ ਹੈ।

**ਮੱਕੀ-ਹਰਾ ਪਿਆਜ਼-ਪਿਆਜ਼** : ਮੱਕੀ ਦੀ ਬਿਜਾਈ ਜੂਨ ਦੇ ਪਹਿਲੇ ਪੰਦਰ੍ਹਵਾੜੇ ਵਿੱਚ ਕਰੋ। ਹਰੇ ਪਿਆਜ਼ ਦੀ ਕਾਸ਼ਤ ਵਾਸਤੇ ਗੰਢੀਆਂ ਤਿਆਰ ਕਰਨ ਲਈ ਪਿਆਜ਼ ਦੀ ਨਰਸਰੀ ਨੂੰ ਮਾਰਚ ਵਿੱਚ ਬੀਜਣਾ ਚਾਹੀਦਾ ਹੈ। ਜੂਨ ਵਿੱਚ ਇਹਨਾਂ ਗੰਢੀਆਂ ਨੂੰ ਪੁੱਟ ਕੇ ਹਵਾਦਾਰ ਸਥਾਨ ਤੇ ਸਟੋਰ ਕਰੋ ਤਾਂ ਜੋ ਸਤੰਬਰ ਦੇ ਦੂਜੇ ਪੰਦਰ੍ਹਵਾੜੇ ਵਿੱਚ ਮੱਕੀ ਦੀ ਕਟਾਈ ਤੋਂ ਬਾਅਦ ਖੇਤ ਵਿੱਚ ਲਗਾਈਆਂ ਜਾ ਸਕਣ। ਹਰੇ ਪਿਆਜ਼ ਨੂੰ ਦਸੰਬਰ ਦੇ ਦੂਜੇ ਪੰਦਰ੍ਹਵਾੜੇ ਵਿੱਚ ਪੁੱਟ ਲਿਆ ਜਾਂਦਾ ਹੈ। ਹਾੜੀ ਦੇ ਪਿਆਜ਼ ਲਈ ਪਨੀਰੀ ਨੂੰ ਜਨਵਰੀ ਦੇ ਪਹਿਲੇ ਪੰਦਰ੍ਹਵਾੜੇ ਵਿੱਚ ਖੇਤ ਵਿੱਚ ਲਾਉਣਾ ਚਾਹੀਦਾ ਹੈ ਜੋ ਕਿ ਅੱਧ ਮਈ ਤੱਕ ਖੇਤ ਖਾਲੀ ਕਰ ਦਿੰਦਾ ਹੈ।

## ਨਰਮੇ ਆਧਾਰਿਤ ਫ਼ਸਲੀ ਚੱਕਰ

**ਨਰਮਾ-ਕਨੋਲਾ** : ਨਰਮਾ-ਕਨੋਲਾ ਫ਼ਸਲੀ ਚੱਕਰ ਦੱਖਣ-ਪੱਛਮੀ ਪੰਜਾਬ ਵਿੱਚ ਨਰਮੇ ਦੀ ਸਮੇਂ ਸਿਰ ਬਿਜਾਈ ਲਈ ਅਤੇ ਵਧੇਰੇ ਮੁਨਾਫ਼ੇ ਲਈ ਕਾਫ਼ੀ ਲਾਹੇਵੰਦ ਸਾਬਤ ਹੋ ਸਕਦਾ ਹੈ। ਇਸ ਫ਼ਸਲੀ ਚੱਕਰ ਵਿੱਚ ਧਰਤੀ ਦੀ ਸਤ੍ਹਾ ਹੇਠ ਤੁਪਕਾ ਸਿੰਚਾਈ ਰਾਹੀਂ ਪਾਣੀ ਦੀ ਬੱਚਤ ਵੀ ਕੀਤੀ ਜਾ ਸਕਦੀ ਹੈ।

## ਬਾਸਮਤੀ ਆਧਾਰਿਤ ਫ਼ਸਲੀ ਚੱਕਰ

**ਬਾਸਮਤੀ-ਬਰਸੀਮ (ਚਾਰਾ ਅਤੇ ਬੀਜ)** : ਬਾਸਮਤੀ ਨੂੰ ਅੱਧ ਜੁਲਾਈ ਤੱਕ ਖੇਤ ਵਿੱਚ ਲਗਾਓ ਤਾਂ ਕਿ ਅੱਧ ਨਵੰਬਰ ਤੱਕ ਬਰਸੀਮ ਦੀ ਬਿਜਾਈ ਲਈ ਖੇਤ ਖਾਲੀ ਹੋ ਜਾਵੇ, ਜੋ ਕਿ ਅਖ਼ੀਰ ਨਵੰਬਰ ਤੱਕ ਬੀਜ ਕੇ ਤਿੰਨ ਕਟਾਈਆਂ ਤੋਂ ਬਾਅਦ ਬੀਜ ਲਈ ਛੱਡੀ ਜਾਵੇ। ਬੀਜ ਲਈ ਬਰਸੀਮ ਨੂੰ ਛੱਡਣ ਦਾ ਸਮਾਂ ਕਿਸਮਾਂ ਤੇ ਨਿਰਭਰ ਕਰਦਾ ਹੈ, ਬੀ. ਐੱਲ. 42, ਬੀ. ਐੱਲ. 43 ਅਤੇ ਬੀ. ਐੱਲ. 44 ਨੂੰ ਅਪ੍ਰੈਲ ਦੇ ਪਹਿਲੇ ਪੰਦਰ੍ਹਵਾੜੇ ਅਤੇ ਬੀ. ਐੱਲ. 10 ਨੂੰ ਅਪ੍ਰੈਲ ਦੇ ਦੂਸਰੇ ਪੰਦਰ੍ਹਵਾੜੇ ਵਿੱਚ ਬੀਜ ਬਣਨ ਲਈ ਛੱਡੋ।

**ਬਾਸਮਤੀ-ਕਰਨੌਲੀ-ਬਾਜਰਾ (ਚਾਰਾ)** : ਬਾਸਮਤੀ ਦੀ ਪਨੀਰੀ ਨੂੰ ਅੱਧ ਜੁਲਾਈ ਵਿੱਚ ਲਗਾ ਕੇ ਅੱਧ ਨਵੰਬਰ ਤੱਕ ਖੇਤ ਖਾਲੀ ਕੀਤਾ ਜਾ ਸਕਦਾ ਹੈ। ਕਰਨੌਲੀ ਨੂੰ ਦਸੰਬਰ ਵਿੱਚ ਖੇਤ ਵਿੱਚ ਲਗਾਓ ਜੋ ਕਿ ਅੱਧ ਮਈ ਵਿੱਚ ਖੇਤ ਖਾਲੀ ਕਰ ਦਿੰਦੀ ਹੈ ਅਤੇ ਇਸ ਤੋਂ ਬਾਅਦ ਬਾਜਰਾ ਚਾਰੇ ਦੇ ਤੌਰ ਤੇ ਲਗਾਓ। ਇਹ ਫ਼ਸਲੀ ਚੱਕਰ ਅੰਮ੍ਰਿਤਸਰ, ਗੁਰਦਾਸਪੁਰ ਅਤੇ ਤਰਨਤਾਰਨ ਵਿੱਚ ਅਪਣਾਇਆ ਜਾ ਸਕਦਾ ਹੈ, ਜਿੱਥੇ ਵਾਤਾਵਰਣ ਕਰਨੌਲੀ ਦੇ ਉਤਪਾਦਨ ਲਈ ਅਨੁਕੂਲ ਹੈ ਅਤੇ ਇਸਦੀ ਵਿਕਰੀ ਲਈ ਮਾਰਕਿਟ ਵੀ ਉਪਲੱਬਧ ਹੁੰਦੀ ਹੈ।

## ਮੂੰਗਫ਼ਲੀ ਆਧਾਰਿਤ ਫ਼ਸਲੀ ਚੱਕਰ

**ਮੂੰਗਫ਼ਲੀ-ਮਟਰ-ਸੂਰਜਮੁਖੀ** : ਇਸ ਫ਼ਸਲੀ ਚੱਕਰ ਵਿੱਚ ਮੂੰਗਫ਼ਲੀ ਦੀ ਬਿਜਾਈ ਮਈ ਦੇ ਦੂਜੇ ਪੰਦਰ੍ਹਵਾੜੇ ਵਿੱਚ, ਮਟਰ ਦੀ ਬਿਜਾਈ ਅਕਤੂਬਰ ਦੇ ਦੂਜੇ ਪੰਦਰ੍ਹਵਾੜੇ ਅਤੇ ਸੂਰਜਮੁਖੀ ਦੀ ਬਿਜਾਈ ਫਰਵਰੀ ਦੇ ਪਹਿਲੇ ਪੰਦਰ੍ਹਵਾੜੇ ਵਿੱਚ ਕੀਤੀ ਜਾਂਦੀ ਹੈ। ਇਹ ਫ਼ਸਲੀ ਚੱਕਰ ਝੋਨੇ-ਕਣਕ ਨਾਲੋਂ ਵਧੇਰੇ ਉਤਪਾਦਨ ਅਤੇ ਮੁਨਾਫ਼ਾ ਦਿੰਦਾ ਹੈ ਅਤੇ ਲਗਭਗ 37% ਪਾਣੀ ਦੀ ਬੱਚਤ ਵੀ ਕਰਦਾ ਹੈ।

**ਮੂੰਗਫ਼ਲੀ-ਆਲੂ-ਬਾਜਰਾ (ਚਾਰਾ)** : ਇਸ ਫ਼ਸਲੀ ਚੱਕਰ ਵਿੱਚ ਮੂੰਗਫ਼ਲੀ (ਐਮ 522, ਐਸ ਜੀ 99) ਦੀ ਬਿਜਾਈ ਮਈ ਦੇ ਪਹਿਲੇ ਹਫ਼ਤੇ ਵਿੱਚ ਕਰਨੀ ਚਾਹੀਦੀ ਹੈ, ਜਿਸ ਨਾਲ ਆਲੂਆਂ ਦੀ ਬਿਜਾਈ ਅਕਤੂਬਰ ਦੇ ਪਹਿਲੇ ਹਫ਼ਤੇ ਕਰਨ ਲਈ ਖੇਤ ਖਾਲੀ ਹੋ ਜਾਂਦਾ ਹੈ। ਆਲੂਆਂ ਦੀ ਪੁਟਾਈ ਤੋਂ ਬਾਅਦ ਚਾਰੇ ਵਾਲੇ ਬਾਜਰੇ ਦੀ ਬਿਜਾਈ ਮਾਰਚ ਦੇ ਪਹਿਲੇ ਪੰਦਰ੍ਹਵਾੜੇ ਵਿੱਚ ਕਰਨੀ ਚਾਹੀਦੀ ਹੈ।

**ਬਹਾਰ ਰੁੱਤ ਦੀ ਮੂੰਗਫ਼ਲੀ- ਮੱਕੀ/ਮੂੰਗੀ-ਮਟਰ/ਆਲੂ** : ਇਹਨਾਂ ਫ਼ਸਲੀ ਚੱਕਰਾਂ ਵਿੱਚ ਮੂੰਗਫ਼ਲੀ ਦੀ ਬਿਜਾਈ ਮਾਰਚ ਦੇ ਪਹਿਲੇ ਪੰਦਰ੍ਹਵਾੜੇ ਤੱਕ, ਮੱਕੀ ਅਤੇ ਮੂੰਗੀ ਦੀ ਬਿਜਾਈ ਜੁਲਾਈ ਦੇ ਪਹਿਲੇ ਪੰਦਰ੍ਹਵਾੜੇ ਤੱਕ ਅਤੇ ਮਟਰ/ਆਲੂ ਦੀ ਬਿਜਾਈ ਅਕਤੂਬਰ ਦੇ ਅੱਧ ਤੱਕ ਕਰਨੀ ਚਾਹੀਦੀ ਹੈ। ਬਹਾਰ ਰੁੱਤ ਦੀ ਮੂੰਗਫ਼ਲੀ-ਮੱਕੀ-ਮਟਰ/ਆਲੂ ਫ਼ਸਲੀ ਚੱਕਰ, ਝੋਨੇ-ਕਣਕ ਦੇ ਮੁਕਾਬਲੇ, ਪਾਣੀ ਦੀ ਬੱਚਤ (36.5-40%) ਹੁੰਦੀ ਹੈ। ਜਦਕਿ ਬਹਾਰ ਰੁੱਤ ਦੀ ਮੂੰਗਫ਼ਲੀ-ਮੂੰਗੀ- ਮਟਰ/ਆਲੂ ਫ਼ਸਲੀ ਚੱਕਰ, ਝੋਨੇ-ਕਣਕ ਦੇ ਮੁਕਾਬਲੇ, 41.5-45% ਪਾਣੀ ਦੀ ਬੱਚਤ ਕਰਦਾ ਹੈ।





# ਝੋਨੇ ਦੇ ਮਧਰੇਪਣ ਦੇ ਰੋਗ ਲਈ ਪਨੀਰੀ ਤੋਂ ਹੀ ਸਰਵੇਖਣ ਜ਼ਰੂਰੀ

ਯੈਸਮੀਨ ਕੌਰ, ਰੁਬਲਜੋਤ ਕੂੰਨਰ
ਅਤੇ ਮਨਮੋਹਨ ਢਕਾਲ,
ਪੌਦਾ ਰੋਗ ਵਿਭਾਗ, ਪੀ. ਏ. ਯੂ.,
ਲੁਧਿਆਣਾ (ਮੋ. 950 16-0 110 1)

ਬੂਟਿਆਂ ਦਾ ਮਧਰਾ ਰਹਿ ਜਾਣਾ ਪੰਜਾਬ ਵਿੱਚ ਝੋਨੇ ਦੀ ਕਾਸ਼ਤ ਲਈ ਇੱਕ ਨਵੇਂ ਖਤਰੇ ਵਜੋਂ ਉਭਰਿਆ ਹੈ ਜੋ ਕਿ ਇੱਕ ਨਵਾਂ ਰੋਗ ਹੈ ਜਿਸਨੂੰ ਭਾਰਤ ਵਿੱਚ ਪਹਿਲੀ ਵਾਰ 2022 ਵਿੱਚ ਵੇਖਿਆ ਗਿਆ ਸੀ। ਵਿਸ਼ਾਣੂੰ ਯੁਕਤ ਚਿੱਟੀ ਪਿੱਠ ਵਾਲਾ ਟਿੱਡਾ ਆਪਣੇ ਜੀਵਨ ਕਾਲ ਦੌਰਾਨ ਇਸ ਦਾ ਨਿਰੰਤਰ ਪਸਾਰ ਕਰਦਾ ਹੈ ਜੋ ਕਿ ਝੋਨੇ ਦੇ ਬੂਟਿਆਂ ਨੂੰ ਮੁੱਢਲੀ ਲਾਗ ਲਾਉਣ ਤੇ ਉਸਨੂੰ ਖੇਤ ਵਿੱਚ ਫੈਲਾਉਣ ਵਿੱਚ ਸਹਾਈ ਹੁੰਦਾ ਹੈ। ਇਹ ਰੋਗ ਝੋਨੇ ਦੀਆਂ ਸਾਰੀਆਂ ਕਿਸਮਾਂ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਵਿੱਚ ਵਧੇਰੇ ਉਪਜ ਵਾਲੀਆਂ ਪੀ ਆਰ ਲੜੀ ਦੀਆਂ ਕਿਸਮਾਂ, ਬਾਸਮਤੀ ਦੀਆਂ ਕਿਸਮਾਂ ਅਤੇ ਹੋਰ ਗੈਰ ਪ੍ਰਮਾਣਿਤ ਅਤੇ ਹਾਈਬ੍ਰਿਡ ਕਿਸਮਾਂ ਸ਼ਾਮਿਲ ਹਨ। ਇਸ ਰੋਗ ਤੋਂ ਮੁਕਤ, ਰੋਧਕ ਕਿਸਮਾਂ ਉਪਲਬਧ ਨਹੀਂ ਹਨ। ਇਸ ਰੋਗ ਤੋਂ ਪ੍ਰਭਾਵਿਤ ਬੂਟੇ ਮਧਰੇ ਰਹਿ ਜਾਂਦੇ ਹਨ ਅਤੇ ਵਧੇਰੇ ਬੂਝੇ ਕੱਢਦੇ ਹਨ। ਅਜਿਹੇ ਬੂਟਿਆਂ ਵਿੱਚ ਦਾਣੇ ਘੱਟ ਬਣਦੇ ਹਨ, ਜਿਸ ਨਾਲ ਝਾੜ ਦਾ ਬਹੁਤ ਨੁਕਸਾਨ ਹੁੰਦਾ ਹੈ। ਬੂਟੇ ਦੇ ਵਿਕਾਸ ਦੇ ਸ਼ੁਰੂਆਤੀ ਪੜਾਵਾਂ ਦੌਰਾਨ ਲੱਗੀ ਰੋਗ ਦੀ ਲਾਗ ਕਾਰਨ ਪੂਰੀ ਫ਼ਸਲ ਤਬਾਹ ਹੋ ਸਕਦੀ ਹੈ। ਇਸ ਰੋਗ ਦਾ ਸ਼ੁਰੂਆਤੀ ਹਮਲਾ ਧੌੜੀਆਂ ਵਿੱਚ ਹੁੰਦਾ ਹੈ ਜੋ ਅਨੁਕੂਲ ਮੌਸਮੀ ਹਾਲਾਤਾਂ ਅਧੀਨ ਚਿੱਟੀ ਪਿੱਠ ਵਾਲੇ ਟਿੱਡੇ ਦੇ ਵਧਣ ਨਾਲ ਖੇਤ ਵਿੱਚ ਬੜੀ ਤੇਜ਼ੀ ਨਾਲ ਫੈਲਦਾ ਹੈ।

**ਝੋਨੇ ਦੇ ਮਧਰੇਪਣ ਰੋਗ ਤੋਂ ਪ੍ਰਭਾਵਿਤ ਬੂਟਿਆਂ ਦੀ ਪਹਿਚਾਣ** : ਇਸ ਰੋਗ ਨਾਲ ਪ੍ਰਭਾਵਿਤ ਬੂਟੇ ਮਧਰੇ, ਪੱਤੇ ਨੋਕਦਾਰ ਅਤੇ ਜੜ੍ਹਾਂ ਘੱਟ ਡੂੰਘੀਆਂ ਰਹਿ ਜਾਂਦੀਆਂ ਹਨ। ਰੋਗ-ਰੋਧਕ ਕਿਸਮਾਂ ਨਾ ਹੋਣ ਕਾਰਨ, ਇਹ ਵਿਸ਼ਾਣੂ ਝੋਨੇ ਦੀਆਂ ਮੌਜੂਦਾ ਸਾਰੀਆਂ ਕਿਸਮਾਂ ਉੱਤੇ ਹਮਲਾ ਕਰ ਸਕਦਾ ਹੈ। ਕਿਸਾਨਾਂ ਨੂੰ ਸੁਝਾਅ ਹੈ ਕਿ ਇਸ ਸਮੱਸਿਆ ਦੀ ਸਹੀ ਪਹਿਚਾਣ ਲਈ ਆਪਣੇ ਨਜ਼ਦੀਕੀ ਕ੍ਰਿਸ਼ੀ ਵਿਗਿਆਨ ਕੇਂਦਰ ਨਾਲ ਸੰਪਰਕ ਕਰਨ ਤਾਂ ਜੋ ਇਸਦੀ ਸਹੀ ਸਮੇਂ ਤੇ ਪਹਿਚਾਣ ਕਰਦੇ ਹੋਏ ਪ੍ਰਭਾਵੀ ਢੰਗ ਨਾਲ ਹੱਲ ਕੀਤਾ ਜਾ ਸਕੇ। ਝੋਨੇ ਉੱਪਰ ਇਸ ਵਿਸ਼ਾਣੂੰ ਰੋਗ ਨੂੰ ਚਿੱਟੀ ਪਿੱਠ ਵਾਲਾ ਟਿੱਡਾ ਫੈਲਾਉਂਦਾ ਹੈ।

**ਚਿੱਟੀ ਪਿੱਠ ਵਾਲੇ ਟਿੱਡੇ ਦੀ ਪਹਿਚਾਣ** : ਇਸ ਕੀੜੇ ਦੇ ਅੰਡੇ ਬੂਟੇ ਤੇ ਮੁੱਢਾਂ ਕੋਲ ਤਣੇ ਦੇ ਦੁਆਲੇ ਪੱਤੇ ਦੀ ਖੋਲ੍ਹ ਵਿੱਚ ਜਾਂ ਪੱਤਿਆਂ ਦੀਆਂ ਨਾੜਾਂ ਵਿੱਚ ਹੁੰਦੇ ਹਨ ਜਿਨ੍ਹਾਂ ਨੂੰ ਨੰਗੀ ਅੱਖ ਨਾਲ ਨਹੀਂ ਵੇਖਿਆ ਜਾ ਸਕਦਾ ਹੈ। ਇਸ ਕੀੜੇ ਦੇ ਨਵੇਂ ਨਿਕਲੇ ਬੱਚੇ ਜਿਨ੍ਹਾਂ ਨੂੰ ਨਿੰਫ ਕਹਿੰਦੇ ਹਨ, ਸਲੇਟੀ ਚਿੱਟੇ ਰੰਗ ਦੇ ਹੁੰਦੇ ਹਨ। ਜਿਹੜੇ ਬਾਅਦ ਵਿੱਚ ਗੂੜ੍ਹੇ ਸਲੇਟੀ ਰੰਗ ਦੇ ਹੋ ਜਾਂਦੇ ਹਨ। ਇਹਨਾਂ ਦੇ ਖੰਭ ਪੂਰੀ ਤਰ੍ਹਾਂ ਨਾਲ ਵਿਕਸਿਤ ਨਹੀਂ ਹੋਏ ਹੁੰਦੇ। ਇਸਦੇ ਬਾਲਗ ਹਲਕੇ ਪੀਲੇ ਤੋਂ ਭੂਰੇ ਰੰਗ ਦੇ ਅਤੇ ਫਾਨੇ ਵਰਗੇ ਹੁੰਦੇ ਹਨ ਜਿਨ੍ਹਾਂ ਦਾ ਮੂੰਹ ਤਿੱਖਾ ਹੁੰਦਾ ਹੈ। ਇਨ੍ਹਾਂ ਦੀ ਲੰਬਾਈ ਤਕਰੀਬਨ 3 ਮਿਲੀਲਿਟਰ ਤੱਕ ਹੁੰਦੀ ਹੈ। ਇਨ੍ਹਾਂ ਬਾਲਗ ਟਿੱਡਿਆਂ ਦੀ ਪਿੱਠ ਉੱਪਰ ਇਕ ਪਤਲੀ ਬਰੀਕ ਚਿੱਟੀ ਪੱਟੀ ਦਿਖਾਈ ਦਿੰਦੀ ਹੈ ਅਤੇ ਅਗਲੇ ਖੰਭਾਂ ਦੇ ਪਿਛਲੇ ਪਾਸੇ ਦੇ ਵਿਚਕਾਰ ਇਕ ਕਾਲਾ ਧੱਬਾ ਦਿਖਾਈ ਦਿੰਦਾ ਹੈ। ਇਸ ਕੀੜੇ ਦਾ ਜੀਵਨ ਚੱਕਰ ਤਕਰੀਬਨ 15 ਤੋਂ 25 ਦਿਨਾਂ ਵਿੱਚ ਪੂਰਾ ਹੋ ਜਾਂਦਾ ਹੈ।

**ਕੀੜੇ ਦੀ ਆਮਦ ਲਈ ਸਰਵੇਖਣ ਦਾ ਤਰੀਕਾ** : ਇਸ ਕੀੜੇ ਦੀ ਆਮਦ ਝੋਨੇ ਦੀ ਪੌਦ ਵਿੱਚ ਹੀ ਸ਼ੁਰੂ ਹੋ ਜਾਂਦੀ ਹੈ ਜੋ ਬਾਅਦ ਵਿੱਚ ਖੇਤ ਵਿੱਚ ਵੀ ਜਾਰੀ ਰਹਿੰਦੀ ਹੈ। ਵਿਸ਼ਾਣੂੰ ਯੁਕਤ ਟਿੱਡਿਆਂ ਦੇ ਹਮਲੇ ਨਾਲ ਬੂਟਿਆਂ ਦੇਮਧਰੇ ਰਹਿ ਜਾਣ ਦਾ ਖਦਸ਼ਾ ਵਧ ਸਕਦਾ ਹੈ। ਇਸ ਕਰਕੇ ਕੀੜੇ ਦੀ ਆਮਦ ਵੇਖਣ ਲਈ ਝੋਨੇ ਦੀ ਪੌਦ ਅਤੇ ਖੇਤ ਵਿੱਚ ਲਗਾਤਾਰ ਸਰਵੇਖਣ ਕਰਨਾ ਬਹੁਤ ਜ਼ਰੂਰੀ ਹੈ। ਇਸ ਲਈ ਪੌਦ ਵਿੱਚ ਬੂਟਿਆਂ ਨੂੰ ਅਤੇ ਝੋਨਾ ਲਾਉਣ ਤੋਂ ਪਿੱਛੋਂ ਵੀ ਕੁੱਝ ਕੁ ਬੂਟਿਆਂ ਨੂੰ ਟੇਢੇ ਕਰਕੇ ਹੇਠਾਂ ਤੋਂ 2-3 ਵਾਰੀ ਝਾੜੋ। ਜੇਕਰ ਇਸ ਦੇ ਨਿੰਫ ਜਾਂ ਬਾਲਗ ਟਿੱਡੇ ਪਾਣੀ ਉੱਤੇ ਤਰਦੇ ਨਜ਼ਰ ਆਉਣ ਤਾਂ ਫ਼ਸਲ ਉੱਤੇ ਸਿਫ਼ਾਰਿਸ਼ ਕੀਤੇ ਕੀਟਨਾਸ਼ਕ ਦੀ ਵਰਤੋਂ ਕਰੋ। ਟਿੱਡੇ ਦੀ ਆਮਦ ਦੇਖਣ ਲਈ ਰਾਤ ਨੂੰ ਪਨੀਰੀ/ਖੇਤ ਨੇੜੇ ਬਲੱਬ ਜਗਾ ਕੇ ਰੱਖੋ ਕਿਉਂਕਿ ਇਹ ਕੀੜਾ ਰੋਸ਼ਨੀ ਵੱਲ ਆਕਰਸ਼ਿਤ ਹੁੰਦਾ ਹੈ।

**ਮਧਰੇਪਣ ਦੇ ਰੋਗ ਤੋਂ ਬਚਾਅ ਦੇ ਤਰੀਕੇ** : ਝੋਨੇ ਦੇ ਮਧਰੇਪਣ ਦੇ ਰੋਗ ਦਾ ਸਿੱਧੇ ਤੌਰ ਉੱਤੇ ਪ੍ਰਬੰਧਨ ਮੁਸ਼ਕਿਲ ਹੈ ਕਿਉਂਕਿ ਇਹ ਇਕ ਵਿਸ਼ਾਣੂੰ ਰੋਗ ਹੈ ਜੋ ਕਿ ਉੱਲੀ ਅਤੇ ਬੈਕਟੀਰੀਆ ਦੁਆਰਾ ਲੱਗਣ ਵਾਲੀਆਂ ਬਿਮਾਰੀਆਂ ਤੋਂ ਵਿਭਿੰਨ ਹੈ। ਇਸਦੀ ਲਾਗ ਤੋਂ ਪ੍ਰਭਾਵਿਤ ਬੂਟਿਆਂ ਦਾ ਕੋਈ ਇਲਾਜ ਸੰਭਵ ਨਹੀਂ। ਕਈ ਵਾਰੀ ਬੂਟਿਆਂ ਦੇ ਅੰਦਰ ਵਿਸ਼ਾਣੂੰ ਵੀ ਮੌਜੂਦ ਹੁੰਦਾ ਹੈ ਪਰ ਉਸਦੀ ਮਾਤਰਾ ਇੰਨੀ ਨਹੀਂ ਹੁੰਦੀ ਕਿ ਰੋਗ ਦੇ ਲੱਛਣ ਨਜ਼ਰ ਆਉਣ, ਜੋ ਇਸ ਦੀ ਸਮੇਂ ਸਿਰ ਪਹਿਚਾਣ ਨੂੰ ਹੋਰ ਮੁਸ਼ਕਿਲ ਬਣਾ ਦਿੰਦਾ ਹੈ। ਜਦੋਂ ਤੱਕ ਸਾਫ ਲੱਛਣ ਵਿਖਾਈ ਦਿੰਦੇ ਹਨ, ਤਦ ਤੱਕ ਬਿਮਾਰੀ ਦੀ ਲਾਗ ਪਨੀਰੀ ਅਤੇ ਖੇਤ ਵਿੱਚ ਫੈਲ ਜਾਂਦੀ ਹੈ। ਇਸ ਰੋਗ ਦਾ ਹਮਲਾ ਹੇਠ ਦਿੱਤੇ ਕੁੱਝ ਸੁਝਾਵਾਂ ਨਾਲ ਘਟਾਇਆ ਜਾ ਸਕਦਾ ਹੈ : ਜਿਸ ਖੇਤ ਵਿੱਚ ਪਿਛਲੇ ਸਾਲ ਇਹ ਬਿਮਾਰੀ ਨਜ਼ਰ ਆਈ ਹੋਵੇ, ਉੱਥੇ ਖਾਸ ਧਿਆਨ ਰੱਖਿਆ ਜਾਵੇ। ਫ਼ਸਲ ਦੀ ਰਹਿੰਦ ਖੂੰਹਦ ਨੂੰ ਖੇਤ ਵਿੱਚ ਡੂੰਘਾ ਵਾਹੋ। ਵੱਟਾ ਬੰਨ੍ਹਿਆਂ ਅਤੇ ਪਾਣੀ ਵਾਲੇ ਖਾਲਾਂ ਨੂੰ ਨਦੀਨ ਮੁਕਤ ਰੱਖੋ। ਬਿਮਾਰੀ ਵਾਲੇ ਬੂਟਿਆਂ ਨੂੰ ਸ਼ੁਰੂ ਵਿੱਚ ਹੀ ਪੁੱਟ ਕੇ ਡੂੰਘਾ ਦੱਬ ਦਿਓ। ਪਨੀਰੀ ਦੀ ਬਿਜਾਈ ਤੋਂ ਹੀ ਇਸ ਰੋਗ ਨੂੰ ਫੈਲਾਉਣ ਵਾਲੇ ਚਿੱਟੀ ਪਿੱਠ ਵਾਲੇ ਟਿੱਡੇ ਦੀ ਸੁੱਚਜੀ ਰੋਕਥਾਮ ਲਈ ਝੋਨੇ ਦੀ ਫ਼ਸਲ ਦਾ ਸਮੇਂ-ਸਮੇਂ ਸਿਰ ਨਿਰੀਖਣ ਕਰਦੇ ਰਹੋ।

**ਖਾਦਾਂ ਦੀ ਸਹੀ ਵਰਤੋਂ** : ਵੱਧ ਨਾਈਟਰੋਜਨ ਖਾਦ ਪਾਉਣ ਨਾਲ ਬੂਟਿਆਂ ਉੱਤੇ ਟਿੱਡਿਆਂ ਦਾ ਹਮਲਾ ਵਧੇਰੇ ਹੁੰਦਾ ਹੈ, ਇਸ ਲਈ ਖਾਦਾਂ ਦੀ ਵਰਤੋਂ ਸਿਫ਼ਾਰਿਸ਼ ਅਨੁਸਾਰ ਹੀ ਕਰੋ।

**ਰਸਾਇਣਕ ਰੋਕਥਾਮ** : ਜੇਕਰ ਟਿੱਡੇ ਦੀ ਆਮਦ ਨਜ਼ਰ ਆਉਂਦੀ ਹੈ ਤਾਂ ਸਾਰਣੀ ਵਿੱਚ ਦਰਸਾਏ ਕਿਸੇ ਇੱਕ ਕੀਟਨਾਸ਼ਕ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ। ਸੁਚੱਜੀ ਰੋਕਥਾਮ ਵਾਸਤੇ ਪਿੱਠੂ ਪੰਪ ਅਤੇ ਗੋਲ ਨੋਜ਼ਲ ਦੀ ਵਰਤੋਂ ਕਰੋ। ਛਿੜਕਾਅ ਕਰਨ ਵੇਲੇ ਪੰਪ ਦੇ ਫੁਹਾਰੇ ਦਾ ਰੁਖ ਬੂਟਿਆਂ ਦੇ ਮੁੱਢਾਂ ਵੱਲ ਰੱਖੋ ਤਾਂ ਜੋ ਛਿੜਕਾਅ ਬੂਟਿਆਂ ਦੇ ਮੁੱਢਾਂ ਤੇ ਜ਼ਰੂਰ ਪਵੇ ਜਿੱਥੇ ਇਹ ਕੀੜੇ ਵਧੇਰੇ ਹੁੰਦੇ ਹਨ।

| ਕੀਟਨਾਸ਼ਕ ਦਾ ਨਾਂ | ਮਾਰਕਾ | ਮਾਰਕਾ ਪ੍ਰਤੀ ਏਕੜ |
|---|---|---|
| ਫਲੋਨਿਕਾਮਿਡ | ਉਲਾਲਾ 50 ਡਬਲਯੂ ਜੀ | 60 ਗ੍ਰਾਮ |
| ਟ੍ਰਾਈਫਲੂਮੀਜ਼ੋਪਾਇਰਮ | ਪੈਕਸਾਲੋਨ 10 ਐਸ ਸੀ | 94 ਮਿ.ਲਿ. |
| ਡਾਇਨੋਟੈਫੂਰਾਨ | ਟੋਕਨ/ਓਸ਼ੀਨ/ਡੋਮਿਨੇਂਟ 20 ਐਸ ਜੀ | 80 ਗ੍ਰਾਮ |
| ਪਾਈਮੈਟਰੋਜ਼ਿਨ | ਚੈੱਸ 50 ਡਬਲਯੂ ਜੀ | 120 ਗ੍ਰਾਮ |
| ਬੈਂਜ਼ਪਾਇਰੀਮੋਕਸਾਨ | ਆਰਕੈਸਟਰਾ 10 ਐਸ ਸੀ | 400 ਮਿ.ਲਿ. |
| ਫਲੂਪਾਇਰੀਮਿਲ | ਇਮੇਜਿਨ/ਵਿਓਲਾ 10 ਐਸ ਸੀ | 300 ਮਿ.ਲਿ. |
| ਕੁਇਨਲਫਾਸ | ਏਕਾਲਕਸ/ਕੁਇਨਗਾਰਡ/ ਕੁਇਟਲਮਾਸ 25 ਈ ਸੀ | 800 ਮਿ.ਲਿ. |

ਕੇ ਐਸ ਗਰੁੱਪ
ਮਲੇਰਕੋਟਲਾ
ਕਿਸਾਨ ਖ਼ੁਸ਼ਹਾਲ ਤਾਂ ਦੇਸ਼ ਖ਼ੁਸ਼ਹਾਲ
4 IN 1 COMBO
BEW ਸੁਪਰ ਸੀਡਰ




• ਲੋਨ ਉਪਲੱਬਧ
• ਪਾਊਡਰ ਕੋਟਿੰਗ ਪੇਂਟ
• ਸਬਸਿਡੀ ਉਪਲੱਬਧ
• ਪੇਟੇਂਟ ਡਿਜ਼ਾਇਨ
• ਬੁਕਿੰਗ ਸ਼ੁਰੂ

TOLL FREE NUMBER
1800-120-004455

• BHAGWAN ENGINNERING WORKS
• KS AGROTECH PVT. LTD.
• KS POWERTECH PVT. LTD.

Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

# ਕਿਉਂ ਜ਼ਰੂਰੀ ਹੈ ਦੰਦਾਂ ਦੀ ਨੇਮੀ ਸਫਾਈ?

ਡਾ. ਮੁਸਕਾਨ ਸਾਰਵਾਲ ਅਤੇ ਡਾ. ਰਿਪੁਦਮਨ ਸਿੰਘ,
ਸਦਭਾਵਨਾ ਮੈਡੀਕਲ ਤੇ ਹਾਰਟ ਇੰਸਟੀਚਿਊਟ, ਪਟਿਆਲਾ
ਮੋ. 79864-62306, 98152-00134



ਸਾਨੂੰ ਹੈਰਾਨਗੀ ਤਾਂ ਹੋਵੇਗੀ ਹੀ ਇਹ ਪੜ੍ਹ ਕੇ ਕੀ ਸਾਨੂੰ ਪਤਾ ਨਹੀਂ ਕਿ ਦੰਦਾਂ ਦੀ ਸਫਾਈ ਕਿਉਂ ਜ਼ਰੂਰੀ ਹੈ। ਪਤਾ ਤਾਂ ਸਭ ਨੂੰ ਹੀ ਹੈ ਫਿਰ ਵੀ ਅਕਸਰ ਸਫਾਈ ਕਰਨ ਵਿੱਚ ਕੁਤਾਹੀ ਕਰ ਹੀ



ਜਾਂਦੇ ਹਾਂ। ਇਸ ਵਿਚਾਰ 'ਤੇ ਗੱਲ ਕਰਦੇ ਹੋਏ ਇਹ ਵਿਚਾਰ ਆਇਆ। ਬਚਪਨ ਤੋਂ ਹੀ ਸਾਨੂੰ ਕਿਹਾ ਜਾਂਦਾ ਹੈ ਕਿ ਸਾਨੂੰ ਆਪਣੇ ਦੰਦਾਂ ਦੀ ਨੇਮੀ ਸਫਾਈ ਕਰਨੀ ਚਾਹੀਦੀ ਹੈ। ਦੰਦਾਂ ਦੀ ਸਫਾਈ ਅਤੇ ਹਾਇਜੀਨ ਦਾ ਧਿਆਨ ਰੱਖਿਆ ਜਾਵੇ ਤਾਂ ਦੰਦਾਂ ਵਿੱਚ ਕੀੜੇ ਨਹੀਂ ਲੱਗਦੇ। ਇਹੀ ਕਾਰਨ ਹੈ ਕਿ ਜ਼ਿਆਦਾਤਰ ਘਰਾਂ ਵਿੱਚ ਛੋਟੇ ਬੱਚਿਆਂ ਨੂੰ ਸਵੇਰੇ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਯਾਨੀ ਦੋ ਵਾਰ ਬੁਰਸ਼ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਲੇਕਿਨ ਤੁਸੀਂ ਵੇਖਿਆ ਹੋਵੇਗਾ ਕਿ ਬਾਲ ਉਮਰ ਵਿੱਚ ਲੋਕ ਦਿਨ ਵਿੱਚ ਸਿਰਫ਼ ਇੱਕ ਵਾਰ ਬਰਸ਼ ਕਰਨ ਨੂੰ ਇੰਪਾਰਟੈਂਸ ਦਿੰਦੇ ਹਨ। ਜਦੋਂ ਕਿ ਅਜਿਹਾ ਕਰਨਾ ਠੀਕ ਨਹੀਂ। ਓਰਲ ਹਾਇਜੀਨ ਅਤੇ ਦੰਦਾਂ ਦੀ ਨੇਮੀ ਸਫਾਈ ਕਿਉਂ ਜ਼ਰੂਰੀ ਹੁੰਦੀ ਹੈ ਅਤੇ ਇਸ ਦੇ ਕਿੰਨੇ ਫਾਇਦੇ ਹੋ ਸਕਦੇ ਹਨ।

## ਦੰਦਾਂ ਦੀ ਨੇਮੀ ਸਫਾਈ ਕਰਨ ਦੇ ਫਾਇਦੇ

**ਇਹ ਦੰਦਾਂ ਨੂੰ ਸੜਣ ਤੋਂ ਬਚਾਉਂਦਾ ਹੈ :** ਜਦੋਂ ਅਸੀਂ ਨੇਮੀ ਰੂਪ ਨਾਲ ਦੰਦਾਂ ਦੀ ਸਾਫ-ਸਫਾਈ ਰੱਖਦੇ ਹਾਂ ਤਾਂ ਸਹੀ ਓਰਲ ਹਾਇਜੀਨ ਨੂੰ ਮਹੱਤਵ ਦਿੰਦੇ ਹਾਂ ਤਾਂ ਦੰਦਾਂ ਵਿੱਚ ਸੜਨ ਦੀ ਮੁਸ਼ਕਿਲ ਨਹੀਂ ਆਉਂਦੀ। ਇੱਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਦੰਦਾਂ ਵਿੱਚ ਸੜਨ ਦੀ ਮੁਸ਼ਕਿਲ ਕਿਉਂ ਹੁੰਦੀ ਹੈ? ਦਰਅਸਲ ਜਦੋਂ ਅਸੀਂ ਕੁੱਝ ਵੀ ਖਾਂਦੇ ਹਾਂ ਤਾਂ ਓਰਲ ਹਾਇਜੀਨ ਤੇ ਧਿਆਨ ਨਹੀਂ ਦਿੰਦੇ ਤਾਂ ਇਸ ਹਾਲਤ ਵਿੱਚ ਦੰਦਾਂ ਵਿੱਚ ਖਾਣ ਦੀਆਂ ਚੀਜ਼ਾਂ ਫਸ ਜਾਂਦੀਆਂ ਹਨ। ਜੇਕਰ ਲੰਬੇ ਸਮੇਂ ਤੱਕ ਚੀਜ਼ਾਂ ਦੰਦਾਂ ਵਿੱਚ ਫਸ ਜਾਣ ਤਾਂ ਇਸ ਹਾਲਤ ਵਿੱਚ ਮੂੰਹ ਅੰਦਰ ਬੈਕਟੀਰੀਆ ਪੈਦਾ ਹੋਣ ਲੱਗਦੇ ਹਨ ਜੋ ਹੌਲੀ-ਹੌਲੀ ਦੰਦਾਂ ਨੂੰ ਡੈਮੇਜ ਕਰਨ ਲੱਗਦੇ ਹਨ। ਇਸ ਨਾਲ ਦੰਦਾਂ ਵਿੱਚ ਸੜਨ ਪੈਦਾ ਹੋ ਜਾਂਦੀ ਹੈ। ਓਰਲ ਹਾਇਜੀਨ ਦਾ ਧਿਆਨ ਰੱਖਣ ਤੇ ਅਜਿਹੀ ਮੁਸ਼ਕਿਲ ਨਹੀਂ ਆਉਂਦੀ।



**ਮਸੂੜਿਆਂ ਨੂੰ ਫਾਇਦਾ :** ਓਰਲ ਹਾਇਜੀਨ ਦਾ ਧਿਆਨ ਨਾ ਰੱਖਣ ਤੇ ਮਸੂੜਿਆਂ ਨਾਲ ਸਬੰਧਤ ਮੁਸ਼ਕਲਾਂ ਵੀ ਹੋਣ ਲੱਗਦੀਆਂ ਹਨ। ਜਦੋਂ ਅਸੀਂ ਨੇਮੀ ਰੂਪ ਨਾਲ ਬੁਰਸ਼ ਕਰਦੇ ਹਾਂ ਤਾਂ ਇਸ ਨਾਲ ਦੰਦਾਂ ਵਿੱਚ ਪਲਾਕ ਨਹੀਂ ਜੰਮਦਾ। ਨਾਲ ਹੀ ਬੈਕਟੀਰੀਆ ਦੇ ਪੈਦਾ ਹੋਣ ਦਾ ਰਿਸ਼ਕ ਵੀ ਘੱਟ ਜਾਂਦਾ ਹੈ। ਧਿਆਨ ਰੱਖੋ ਕਿ ਜਦੋਂ ਅਸੀਂ ਦੰਦਾਂ ਦੀ ਲਗਾਤਾਰ ਸਫਾਈ ਕਰਦੇ ਹਾਂ ਤਾਂ ਇਸ ਦੀ ਵਜ੍ਹਾ ਨਾਲ ਮਸੂੜੇ ਕਮਜ਼ੋਰ ਹੋ ਜਾਂਦੇ ਹਨ, ਕਮਜ਼ੋਰ ਮਸੂੜਿਆਂ ਕਾਰਨ ਦੰਦ ਕਮਜ਼ੋਰ ਹੋ ਕੇ ਉਮਰ ਤੋਂ ਪਹਿਲਾਂ ਹੀ ਟੁੱਟ ਜਾਂਦੇ ਹਨ। ਨੇਮੀ ਰੂਪ ਨਾਲ ਬੁਰਸ਼ ਕਰਨ ਅਤੇ ਮੂੰਹ ਦੀ ਸਾਫ ਸਫਾਈ ਦਾ ਧਿਆਨ ਰੱਖਣ ਨਾਲ ਮਸੂੜਿਆਂ ਨੂੰ ਨੁਕਸਾਨ ਨਹੀਂ ਹੁੰਦਾ।

**ਮੂੰਹ ਵਿੱਚੋਂ ਬਦਬੂ ਦੀ ਕਮੀ :** ਜਿਹੜੇ ਲੋਕ ਓਰਲ ਹਾਇਜੀਨ ਦਾ ਧਿਆਨ ਨਹੀਂ ਰੱਖਦੇ, ਉਨ੍ਹਾਂ ਦੇ ਮੂੰਹ ਵਿੱਚੋਂ ਬਦਬੂ ਆਉਣ ਦੀ ਸਮੱਸਿਆ ਵੀ ਵੇਖੀ ਗਈ ਹੈ। ਦੰਦਾਂ ਵਿੱਚ ਜੰਮੇ ਪਲਾਕ ਅਤੇ ਮੂੰਹ ਵਿੱਚ ਬੈਕਟੀਰੀਆ ਬਨਣ ਕਾਰਨ ਸਾਹ ਵਿੱਚ ਬਦਬੂ ਦੀ ਸਮੱਸਿਆ ਵੀ ਵੱਧ ਜਾਂਦੀ ਹੈ। ਧਿਆਨ ਰੱਖੋ ਕਿ ਮੂੰਹ ਤੋਂ ਬਦਬੂ ਆਉਣ ਨਾਲ ਲੋਕਾਂ ਦੇ ਨਾਲ ਗੱਲਬਾਤ ਕਰਨ ਵਿੱਚ ਮੁਸ਼ਕਲਾਂ ਆਉਂਦੀਆਂ ਹਨ। ਕਾਨਫਿਡੈਂਸ ਲੂਜ ਹੋ ਜਾਂਦਾ ਹੈ, ਇਹੀ ਨਹੀਂ ਅਕਸਰ ਲੋਕ ਅਜਿਹੇ ਲੋਕਾਂ ਨਾਲ ਗੱਲ ਕਰਨ ਤੋਂ ਬਚਦੇ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਨਿਅਮਤ ਰੂਪ ਨਾਲ ਬਰਸ਼ ਕਰੋ ਅਤੇ ਸਮੇਂ-ਸਮੇਂ ਉੱਤੇ ਡਾਕਟਰ ਕੋਲ ਜਾ ਕੇ ਦੰਦਾਂ ਦੀ ਕਲੀਨਿੰਗ ਕਰਵਾਓ ਤਾਂ ਕਿ ਮੂੰਹ ਤੋਂ ਬਦਬੂ ਨਾ ਆਵੇ।

**ਹੋਰ ਬਿਮਾਰੀਆਂ ਦਾ ਖਤਰਾ :** ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਜਦੋਂ ਤੁਸੀਂ ਓਰਲ ਹਾਇਜੀਨ ਦਾ ਧਿਆਨ ਨਹੀਂ ਰੱਖਦੇ ਤਾਂ ਹੋਰ ਕਈ ਬਿਮਾਰੀਆਂ ਦਾ ਖਤਰਾ ਵੀ ਵੱਧ ਜਾਂਦਾ ਹੈ। ਇਸ ਵਿੱਚ ਹਾਈ ਡਜੀਜ ਅਤੇ ਡਾਇਬਿਟੀਜ ਵਰਗੀ ਮੈਡੀਕਲ ਕੰਡੀਸ਼ਨ ਵੀ ਸ਼ਾਮਿਲ ਹੋ ਸਕਦੀ ਹੈ। ਇੱਥੇ ਅਸੀਂ ਜਾਨਣਾ ਚਾਹਾਂਗੇ ਕਿ ਅਖੀਰ ਖ਼ਰਾਬ ਓਰਲ ਹਾਇਜੀਨ ਅਤੇ ਹਾਰਟ ਡਿਜੀਜ ਵਿੱਚ ਕੀ ਸੰਬੰਧ ਹੈ? Harvard Health ਵਿੱਚ ਪ੍ਰਕਾਸ਼ਿਤ ਇੱਕ ਲੇਖ ਦੇ ਅਨੁਸਾਰ ਅਤੇ ਸਦਭਾਵਨਾ ਮੈਡੀਕਲ ਹਾਰਟ ਇੰਸਟੀਚਿਊਟ, ਪਟਿਆਲਾ ਦੇ ਦਿਲ ਦੇ ਮਾਹਿਰ ਡਾਕਟਰ ਡਾ. ਸੰਮਾਨ ਵਰਮਾ ਨੇ ਦੱਸਿਆ ਕਿ ਪੂਅਰ ਓਰਲ ਹਾਇਜੀਨ ਕਾਰਨ ਮਸੂੜਿਆਂ ਵਿੱਚ ਬੈਕਟੀਰੀਆ ਪੈਦਾ ਹੋ ਜਾਂਦੇ ਹਨ। ਮਸੂੜਿਆਂ ਦੀ ਸੋਜ ਅਤੇ ਪੀਰਯੋਡੋਂਟਾਇਟਿਸ ਦਾ ਕਾਰਨ ਬਣਦੇ ਹਨ। ਉਹੀ ਬੈਕਟੀਰੀਆ ਸਰੀਰ ਵਿੱਚ ਬਲਡ ਫਲੋ ਦੇ ਰਾਹੀਂ ਬਲਡ ਵੇਸਲਸ ਤੱਕ ਪਹੁੰਚ ਜਾਂਦੇ ਹਨ। ਸਮੇਂ ਸਿਰ ਇਨ੍ਹਾਂ ਦਾ ਧਿਆਨ ਨਾ ਰੱਖਿਆ ਜਾਵੇ, ਤਾਂ ਰਕਤ ਵਾਹਿਕਾਵਾਂ ਵਿੱਚ ਸੋਜ ਹੋ ਜਾਂਦੀ ਹੈ ਅਤੇ ਉਹਨਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਇਸ ਕਾਰਨ ਛੋਟੇ ਰਕਤ ਦੇ ਥੱਕੇ ਬਨਣ ਲੱਗਦੇ ਹਨ ਜਿਸ ਨਾਲ ਹਾਰਟ ਡਿਜੀਜ ਦਾ ਖਤਰਾ ਵੱਧ ਜਾਂਦਾ ਹੈ। ਕੁਲ ਮਿਲਾ ਕੇ ਤੁਸੀਂ ਕਹਿ ਸਕਦੇ ਹੋ ਕਿ ਨੇਮੀ ਰੂਪ ਨਾਲ ਦੰਦਾਂ ਦੀ ਸਫਾਈ ਕਰਵਾਉਣ ਨਾਲ ਤੁਸੀਂ ਸੰਕਰਮਣ ਅਤੇ ਗੰਭੀਰ ਡਿਜੀਜ ਦੇ ਜੋਖਮ ਨੂੰ ਵੀ ਘੱਟ ਕਰ ਸਕਦੇ ਹੋ।

ਦੰਦਾਂ ਦੀ ਸਫਾਈ ਕਰਵਾਉਣ ਨਾਲ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ, ਜਿਵੇਂ ਮਸੂੜੇ ਮਜ਼ਬੂਤ ਰਹਿੰਦੇ ਹਨ, ਕੈਵਿਟੀ ਦਾ ਰਿਸਕ ਘੱਟ ਹੁੰਦਾ ਹੈ ਅਤੇ ਦੰਦ ਮਜ਼ਬੂਤ ਅਤੇ ਚਮਕਦਾਰ ਬਣਦੇ ਹਨ।

ਇਸਦੇ ਨਾਲ ਹੀ ਸਮੇਂ-ਸਮੇਂ ਉੱਤੇ ਦੰਦਾਂ ਦੀ ਡੀਪ ਕਲੀਨਿੰਗ ਵੀ ਜ਼ਰੂਰੀ ਹੁੰਦੀ ਹੈ। ਅਸਲ ਵਿੱਚ, ਕਈ ਵਾਰ ਦੰਦਾਂ ਵਿੱਚ ਫਸੇ ਖਾਣੇ ਦੇ ਕਣ ਬੁਰਸ਼ ਦੀ ਮਦਦ ਨਾਲ ਨਹੀਂ ਨਿਕਲਦੇ। ਇਸ ਕਰਕੇ ਡੀਪ ਕਲੀਨਿੰਗ ਦੀ ਮਦਦ ਨਾਲ ਦੰਦਾਂ ਦੀ ਚੰਗੀ ਸਫਾਈ ਹੋ ਜਾਂਦੀ ਹੈ। ਹਾਂ, ਸੱਚ ਜੇ ਡਾਕਟਰ ਕੋਲ ਜਾ ਕੇ ਡੀਪ ਕਲੀਨਿੰਗ ਤੁਸੀਂ 6 ਮਹੀਨੇ ਵਿੱਚ ਇੱਕ ਵਾਰ ਕਰਵਾ ਸਕਦੇ ਹੋ ਤਾਂ ਇਹ ਓਰਲ ਹਾਇਜੀਨ ਦਾ ਚੰਗਾ ਤਰੀਕਾ ਹੁੰਦਾ ਹੈ।

ਅਜਿਹੀਆਂ ਕੁਝ ਗੱਲਾਂ ਦਾ ਧਿਆਨ ਰੱਖ ਕੇ ਅਸੀਂ ਆਪਣੀ ਓਰਲ ਹਾਇਜੀਨ ਰੱਖ ਸਕਦੇ ਹਾਂ ਅਤੇ ਸੁਖਾਲਾ ਜੀਵਨ ਜੀਅ ਸਕਦੇ ਹਾਂ।

# ਫ਼ਲਾਂ ਦੇ ਰਾਜੇ ਤੋਂ ਬਣਾਓ ਕੀਮਤੀ ਉਤਪਾਦ

ਮਨੀਸ਼ਾ ਭਾਟੀਆ ਅਤੇ ਹਰਦੀਪ ਸਿੰਘ ਸਭਿਖੀ,
ਪੀ. ਏ. ਯੂ-ਕ੍ਰਿਸ਼ੀ ਵਿਗਿਆਨ ਕੇਂਦਰ, ਫਤਿਹਗੜ੍ਹ ਸਾਹਿਬ (ਮੋ. 98768-33933)

## ਅੰਬਾਂ ਦੀ ਤਿੱਖੀ ਚਟਣੀ

**ਸਮੱਗਰੀ**

| | |
|---|---|
| ਅੰਬ | : 1 ਕਿਲੋ |
| ਚੀਨੀ | : 150 ਗ੍ਰਾਮ |
| ਕਾਲੀ ਮਿਰਚ | : 20 ਗ੍ਰਾਮ |
| ਮਿੱਠੀ ਸੌਂਫ | : 10 ਗ੍ਰਾਮ |
| ਮੇਥੇ | : 10 ਗ੍ਰਾਮ |
| ਕਲੌਂਜੀ | : 10 ਗ੍ਰਾਮ |
| ਸਿਰਕਾ | : 200 ਗ੍ਰਾਮ |
| ਨਮਕ | : ਸੁਆਦ ਅਨੁਸਾਰ |
| ਲਾਲ ਮਿਰਚ | : 50 ਗ੍ਰਾਮ |

**ਤਰੀਕਾ**

★ ਸਭ ਤੋਂ ਪਹਿਲਾਂ ਅੰਬਾਂ ਨੂੰ ਧੋ ਕੇ ਸੁਕਾ ਲਓ।

★ ਫਿਰ ਅੰਬਾਂ ਨੂੰ ਛਿਲ ਕੇ ਕੱਦੂਕਸ ਕਰ ਲਉ।

★ ਗੁੱਦੇ ਵਿੱਚ ਸਾਰੇ ਮਸਾਲੇ ਰਲਾ ਲਉ।

★ ਇਕ ਕੜਾਹੀ ਲਉ। ਇਸ ਵਿੱਚ ਗੁੱਦਾ ਪਾਉ ਤੇ ਚੰਗੀ ਤਰ੍ਹਾਂ ਹਿਲਾਉਂਦੇ ਹੋਏ ਭੁੰਨੋ ਤਾਂ ਕਿ ਥੱਲੇ ਨਾ ਲੱਗੇ।

★ ਜਦੋਂ ਪਾਣੀ ਸੁੱਕ ਜਾਵੇ ਇਸ ਵਿੱਚ ਚੀਨੀ ਪਾਓ ਤੇ ਚੰਗੀ ਤਰ੍ਹਾਂ ਸੁੱਕਣ ਤੱਕ ਪਕਾਓ।

★ ਫਿਰ ਇਸ ਵਿੱਚ ਸਿਰਕਾ ਪਾਓ ਤੇ ਚੰਗੀ ਤਰ੍ਹਾਂ ਪਕਾਓ।

## ਅੰਬ ਦਾ ਪੰਨਾ

**ਸਮੱਗਰੀ**

| | |
|---|---|
| ਕੱਚੇ ਅੰਬ | : 500 ਗ੍ਰਾਮ |
| ਖੰਡ | : 2 ਕੱਪ |
| ਕਾਲਾ ਨਮਕ | : 2 ਛੋਟੇ ਚਮਚ |
| ਨਮਕ | : ½ ਛੋਟਾ ਚਮਚ |
| ਭੁੰਨਿਆ ਜੀਰਾ ਪਾਊਡਰ | : 1 ਚਮਚ |
| ਪੁਦੀਨਾ ਪੱਤੇ | : ਥੋੜੇ ਜਿਹੇ |

**ਤਰੀਕਾ**

★ ਅੰਬਾਂ ਨੂੰ ਧੋ ਕੇ ਥੋੜਾ ਪਾਣੀ ਪਾ ਕੇ 10-12 ਮਿੰਟ ਤੱਕ ਕੁੱਕਰ ਵਿੱਚ ਪਾ ਕੇ ਪਕਾਓ।

★ ਠੰਡਾ ਹੋਣ ਤੇ ਅੰਬਾਂ ਦਾ



ਛਿਲਕਾ ਉਤਾਰ ਦਿਓ ਅਤੇ ਗੁੱਦਾ ਕੱਢ ਲਓ।

★ ਅਗਰ ਗੁੱਦਾ 1 ਕੱਪ ਹੈ ਤਾਂ 2 ਕੱਪ ਖੰਡ ਇਸ ਵਿੱਚ ਪਾ ਦਿਉ। ਫਿਰ ਇਸ ਵਿੱਚ ਜੀਰਾ ਪਾਊਡਰ, ਕਾਲਾ ਨਮਕ, ਨਮਕ, ਪੁਦੀਨੇ ਦੇ ਪੱਤੇ ਪਾ ਕੇ ਮਿਕਸੀ ਵਿੱਚ ਪੀਸ ਲਉ।

★ ਇਸ ਨੂੰ ਛਾਣ ਲਓ ਅਤੇ ਕੱਚ ਦੀ ਬੋਤਲ ਵਿੱਚ ਪਾ ਲਓ।

★ ਠੰਡੇ ਪਾਣੀ ਨਾਲ ਪਤਲਾ ਕਰਕੇ ਪਰੋਸੋ।

ਬਾਕੀ ਸਫਾ 3 ਦੀ

## ਕਪਾਹ/ਨਰਮੇ ਵਿੱਚ ਨਦੀਨਾਂ...

ਲਪੇਟਾ ਵੇਲ (ਗੁਆਰਾ ਵੇਲ) ਦੀ ਵੀ 2 ਤੋਂ 4 ਪੱਤਿਆਂ ਦੀ ਅਵਸਥਾ ਤੇ ਚੰਗਾ ਰੋਕਥਾਮ ਕਰਦੀ ਹੈ। ਇਸ ਤੋਂ ਇਲਾਵਾ ਬਿਜਾਈ ਤੋਂ 6-8 ਹਫ਼ਤੇ ਬਾਅਦ, ਖੜ੍ਹੀ ਫ਼ਸਲ ਵਿੱਚ (ਜਦੋਂ ਫ਼ਸਲ ਦਾ ਕੱਦ ਤਕਰੀਬਨ 16-18 ਇੰਚ ਹੋਵੇ) ਨਦੀਨਾਂ ਦੀ ਰੋਕਥਾਮ ਕਰਨ ਲਈ ਪ੍ਰਤੀ ਏਕੜ 500 ਮਿਲੀਲਿਟਰ ਗਰੈਮਕਸੋਨ 24 ਐਸ.ਐਲ. (ਪੈਰਾਕੁਐਟ) ਜਾਂ 900 ਮਿਲੀਲਿਟਰ ਸਵੀਪ ਪਾਵਰ 13.5 ਐਸ.ਐਲ. (ਗਲੂਫੋਸੀਨੇਟ ਅਮੋਨੀਅਮ) ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਸੁਰੱਖਿਅਤ ਹੁੱਡ ਦੀ ਵਰਤੋਂ ਕਰਕੇ ਫ਼ਸਲ ਦੀਆਂ ਕਤਾਰਾਂ ਵਿਚਕਾਰ ਨਦੀਨਾਂ ਉੱਪਰ ਸਿੱਧਾ ਛਿੜਕਾਅ ਕਰਨਾ ਚਾਹੀਦਾ ਹੈ। ਛਿੜਕਾਅ ਕਰਦੇ ਸਮੇਂ ਹਵਾ ਨਹੀਂ ਚੱਲਣੀ ਹੋਣੀ ਚਾਹੀਦੀ ਅਤੇ ਨੋਜ਼ਲ ਜ਼ਮੀਨ ਤੋਂ 6-8 ਇੰਚ ਹੀ ਉੱਪਰ ਹੋਣੀ ਚਾਹੀਦੀ ਹੈ। ਇਹਨਾਂ ਨਦੀਨਨਾਸ਼ਕਾਂ ਦਾ ਛਿੜਕਾਅ ਫ਼ਸਲ ਦੇ ਬੂਟਿਆਂ ਉੱਪਰ ਨਹੀਂ ਪੈਣਾ ਚਾਹੀਦਾ ਕਿਉਂਕਿ ਇਹ ਫ਼ਸਲ ਲਈ ਵੀ ਮਾਰੂ ਸਾਬਿਤ ਹੁੰਦਾ ਹੈ।

ਪਰਮਿੰਦਰ ਕੌਰ, ਸਰਵੀਤ ਖਹਿਰਾ
ਪੀ.ਏ.ਯੂ., ਫ਼ਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ



# ਕਣਕ ਦੀ ਵਾਢੀ ਮਗਰੋਂ ਖੇਤਾਂ ਨੂੰ ਧੁੱਪ ਲਵਾਉਣੀ ਜ਼ਰੂਰੀ

ਅੱਜ-ਕੱਲ੍ਹ ਖੇਤੀ ਵਿੱਚ ਵੱਧ ਪੈਦਾਵਾਰ ਲਈ ਅਸੀਂ ਮਿੱਟੀ 'ਤੇ ਕਾਫ਼ੀ ਦਬਾਅ ਪਾ ਰਹੇ ਹਾਂ। ਲਗਾਤਾਰ ਫ਼ਸਲਾਂ ਲੈਣ ਅਤੇ ਵੱਧ ਰਸਾਇਣਕ ਖਾਦਾਂ ਤੇ ਦਵਾਈਆਂ ਦੇ ਛਿੜਕਾਅ ਨਾਲ ਮਿੱਟੀ ਦੀ ਸਿਹਤ ਖਰਾਬ ਹੋ ਰਹੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿ ਅਸੀਂ ਸਮੇਂ-ਸਮੇਂ 'ਤੇ ਮਿੱਟੀ ਦੀ ਸਾਂਭ-ਸੰਭਾਲ ਤੇ ਪਰਖ ਕਰਵਾਉਂਦੇ ਰਹੀਏ। ਮਈ-ਜੂਨ ਦੇ ਮਹੀਨੇ ਜਦੋਂ ਖੇਤ ਅਕਸਰ ਖਾਲੀ ਹੁੰਦੇ ਹਨ, ਮਿੱਟੀ ਦੀ ਸਿਹਤ ਸੁਧਾਰਨ ਲਈ ਸਭ ਤੋਂ ਵਧੀਆ ਸਮਾਂ ਹੁੰਦਾ ਹੈ। ਇਸ ਦੌਰਾਨ ਖੇਤਾਂ ਨੂੰ ਵਾਹ ਕੇ ਖੁੱਲ੍ਹਾ ਛੱਡਣਾ ਅਤੇ ਸੂਰਜ ਦੀ ਧੁੱਪ ਲਗਾਉਣਾ ਇਕ ਸੌਖਾ, ਸਸਤਾ ਅਤੇ ਪ੍ਰਭਾਵਸ਼ਾਲੀ ਤਰੀਕਾ ਹੈ। ਇਹ ਤਰੀਕਾ ਨਾ ਸਿਰਫ਼ ਕੀੜਿਆਂ, ਬਿਮਾਰੀਆਂ ਅਤੇ ਨਦੀਨਾਂ ਨੂੰ ਘਟਾਉਂਦਾ ਹੈ, ਸਗੋਂ ਮਿੱਟੀ ਨੂੰ ਅਗਲੀ ਫ਼ਸਲ ਲਈ ਤਿਆਰ ਵੀ ਕਰਦਾ ਹੈ। ਖੇਤਾਂ ਨੂੰ ਸੂਰਜੀ ਧੁੱਪ ਲਵਾਉਣ ਦੇ ਹੇਠ ਲਿਖੇ ਕਈ ਫ਼ਾਇਦੇ ਹਨ :-

**ਬਿਮਾਰੀਆਂ ਦਾ ਪ੍ਰਬੰਧਨ** : ਕਣਕ ਦੀ ਵਾਢੀ ਤੋਂ ਬਾਅਦ ਜੇਕਰ ਲਗਾਤਾਰ ਖੇਤਾਂ ਵਿੱਚ ਪਾਣੀ ਲਗਦਾ ਰਹੇ ਤਾਂ ਮਿੱਟੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਨੂੰ ਵਧਣ-ਫੁੱਲਣ ਦਾ ਮੌਕਾ ਮਿਲ ਜਾਂਦਾ ਹੈ। ਮਿੱਟੀ ਵਿੱਚ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਕੀਟਾਣੂ ਪਾਏ ਜਾਂਦੇ ਹਨ ਜਿਵੇਂ ਕਿ ਉੱਲੀਆਂ, ਬੈਕਟੀਰੀਆ ਅਤੇ ਨੀਮਾਟੋਡ ਆਦਿ। ਬਿਮਾਰੀ ਵਾਲੀਆਂ ਉੱਲੀਆਂ ਜ਼ਮੀਨ ਵਿੱਚ ਕਈ ਸਾਲ ਤੱਕ ਜੀਵਿਤ ਰਹਿੰਦੀਆਂ ਹਨ। ਪਰ ਜੇਕਰ ਧੁੱਪ ਵਾਲਾ ਮੌਸਮ ਕਈ ਦਿਨਾਂ ਜਾਂ ਹਫਤਿਆਂ ਤੱਕ ਰਹਿੰਦਾ ਹੈ ਤਾਂ ਸੂਰਜ ਦੀ ਗਰਮੀ ਮਿੱਟੀ ਦੇ ਤਾਪਮਾਨ ਨੂੰ ਉਸ ਪੱਧਰ ਤੱਕ ਵਧਾ ਦਿੰਦੀ ਹੈ, ਜਿਸ ਨਾਲ ਮਿੱਟੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦਾ ਖ਼ਾਤਮਾ ਕਾਫ਼ੀ ਹੱਦ ਤੱਕ ਹੋ ਜਾਂਦਾ ਹੈ, ਜਿਵੇਂ ਫਿਊਜ਼ਰੀਅਲ ਵਿਲਟ ਅਤੇ ਟਮਾਟਰ ਦੇ ਬੈਕਟੀਰੀਅਲ ਕੈਂਕਰ ਨੂੰ ਸੂਰਜੀ ਧੁੱਪ ਲਗਾਉਣ ਨਾਲ ਘਟਾਇਆ ਜਾ ਸਕਦਾ ਹੈ।

**ਕੀੜੇ-ਮਕੌੜਿਆਂ ਦਾ ਪ੍ਰਬੰਧਨ** : ਲਗਾਤਾਰ ਪਾਣੀ ਲਗਾਉਣ ਨਾਲ ਵੱਟਾਂ ਉੱਪਰ ਉੱਗੇ ਨਦੀਨਾਂ ਵਿੱਚ ਕੁਝ ਕੀੜੇ-ਮਕੌੜੇ ਪਲਦੇ ਰਹਿੰਦੇ ਹਨ, ਜਿਸ ਕਰਕੇ ਕੁਝ ਕੀੜਿਆਂ ਦਾ ਜੀਵਨ ਚੱਕਰ ਲਗਾਤਾਰ ਸਾਰਾ ਸਾਲ ਚਲਦਾ ਰਹਿੰਦਾ ਹੈ। ਖੇਤਾਂ ਨੂੰ ਹਲ ਵਾਹ ਕੇ ਚੰਗੀ ਧੁੱਪ ਲਗਾਉਣ ਨਾਲ ਜ਼ਮੀਨ ਵਿੱਚ ਮੌਜੂਦ ਕੀੜੇ-ਮਕੌੜਿਆਂ ਦੇ ਅੰਡੇ, ਪਿਊਪੇ, ਸੁੰਡੀਆਂ ਗਰਮੀ ਦੇ ਪ੍ਰਭਾਵ ਨਾਲ ਨਸ਼ਟ ਹੋ ਜਾਂਦੇ ਹਨ। ਇਸ ਤਰ੍ਹਾਂ ਆਉਣ ਵਾਲੀ ਫ਼ਸਲ ਤੇ ਕੀੜਿਆਂ ਦਾ ਹਮਲਾ ਘੱਟ ਜਾਂਦਾ ਹੈ।

**ਨਦੀਨਾਂ ਦਾ ਪ੍ਰਬੰਧਨ** : ਜ਼ਮੀਨ ਨੂੰ ਵਾਹ ਕੇ ਧੁੱਪ ਲਗਾਉਣ ਨਾਲ ਕਈ ਨਦੀਨਾਂ ਦੇ ਬੀਜ ਅਤੇ ਬੂਟੇ ਜਿਵੇਂ ਕਿ ਲੂੰਬੜ ਘਾਹ, ਚੁਲਾਈ, ਇਟਸਿੱਟ, ਮੋਥਾ ਆਦਿ ਬਿਲਕੁਲ ਸੁੱਕ ਕੇ ਮਰ ਜਾਂਦੇ ਹਨ। ਜੇ ਖੇਤ ਵਿੱਚ ਪਾਣੀ ਖੜ੍ਹਾ ਰਹੇ ਤਾਂ ਇਹ ਨਦੀਨ ਬਹੁਤ ਤੇਜ਼ੀ ਨਾਲ ਵਧਦੇ ਹਨ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਕਾਬੂ ਕਰਨਾ ਔਖਾ ਹੋ ਜਾਂਦਾ ਹੈ।

**ਮਿੱਟੀ ਵਿੱਚ ਸੁਧਾਰ** : ਖੇਤ ਨੂੰ ਵਾਹ ਕੇ ਧੁੱਪ ਵਿੱਚ ਛੱਡਣ ਨਾਲ ਮਿੱਟੀ ਭੁਰਭੁਰੀ ਬਣਦੀ ਹੈ ਅਤੇ ਹਵਾ ਦੀ ਆਵਾਜਾਈ ਵਧਦੀ ਹੈ। ਇਹ ਜੜ੍ਹਾਂ ਦੇ ਵਿਕਾਸ ਅਤੇ ਪੌਦਿਆਂ ਦੀ ਸਮੁੱਚੀ ਸਿਹਤ ਲਈ ਲਾਭਦਾਇਕ ਹੈ। ਇਸ ਤਰ੍ਹਾਂ ਧੁੱਪ ਲਵਾਉਣ ਨਾਲ ਮਿੱਟੀ ਦੀ ਸਿਹਤ ਵਿਚ ਸੁਧਾਰ ਹੁੰਦਾ ਹੈ।

**ਪੋਸ਼ਕ ਤੱਤ ਦਾ ਵਾਧਾ** : ਧੁੱਪ ਨਾਲ ਹਾਨੀਕਾਰਕ ਜੀਵਾਣੂ ਘਟਦੇ ਹਨ ਅਤੇ ਲਾਭਕਾਰੀ ਜੀਵਾਣੂਆਂ ਨੂੰ ਵਧਣ ਦਾ ਮੌਕਾ ਮਿਲਦਾ ਹੈ। ਇਹ ਮਿੱਟੀ ਵਿੱਚ ਨਾਈਟ੍ਰੋਜਨ ਅਤੇ ਹੋਰ ਜ਼ਰੂਰੀ ਤੱਤਾਂ ਦੀ ਉਪਲਬਧਤਾ ਵਧਾਉਂਦੇ ਹਨ।

**ਪਾਣੀ ਦੀ ਬੱਚਤ** : ਵਾਧੂ ਪਾਣੀ ਖੇਤ ਵਿੱਚ ਨਾ ਛੱਡਣ ਨਾਲ ਨਾ ਸਿਰਫ਼ ਮਿੱਟੀ ਦੀ ਸਿਹਤ ਬਣੀ ਰਹਿੰਦੀ ਹੈ, ਸਗੋਂ ਪਾਣੀ ਦੀ ਵੀ ਵੱਡੀ ਬੱਚਤ ਬੜੇ ਸੁਚੱਜੇ ਤਰੀਕੇ ਨਾਲ ਕੀਤੀ ਜਾ ਸਕਦੀ ਹੈ।

**ਖ਼ਰਚੇ ਵਿੱਚ ਕਮੀ** : ਧੁੱਪ ਲਵਾਉਣ ਨਾਲ ਕੁਦਰਤੀ ਤਰੀਕੇ ਨਾਲ ਕੀੜਿਆਂ, ਬਿਮਾਰੀਆਂ ਅਤੇ ਨਦੀਨਾਂ ਨੂੰ ਕਾਬੂ ਕੀਤਾ ਜਾ ਸਕਦਾ ਹੈ, ਜਿਸ ਨਾਲ ਕਿਸਾਨਾਂ ਨੂੰ ਦਵਾਈਆਂ 'ਤੇ ਘੱਟ ਖ਼ਰਚਾ ਕਰਨਾ ਪੈਂਦਾ ਹੈ।

# ਅਲੋਪ ਹੋ ਰਹੀ ਕੁੱਪ ਬੰਨ੍ਹਣ ਦੀ ਕਲਾ

ਪੇਂਡੂ ਜਨ-ਜੀਵਨ ਵਿੱਚ ਕੁੱਪ ਦੀ ਵਿਸ਼ੇਸ਼ ਤੇ ਵਿਲੱਖਣ ਥਾਂ ਰਹੀ ਹੈ। ਕਾਰੀਗਰ ਵਿਅਕਤੀਆਂ ਦੇ ਬੰਨ੍ਹੇ ਹੋਏ ਕੁੱਪਾਂ ਨੂੰ ਲੋਕ ਦੂਰੋਂ-ਦੂਰੋਂ ਦੇਖਣ ਲਈ ਆਉਂਦੇ ਸੀ। ਇਸ ਕਲਾ ਵਿੱਚ ਕਈ ਵਿਅਕਤੀਆਂ ਦਾ ਵਿਸ਼ੇਸ਼ ਮਾਣ-ਸਨਮਾਨ ਕੀਤਾ ਜਾਂਦਾ ਸੀ। ਅੱਜ ਬਹੁਤੀ ਵਾਢੀ ਕੰਬਾਈਨਾਂ ਨਾਲ ਕੀਤੀ ਜਾਂਦੀ ਹੈ ਤੇ ਬਾਅਦ ਵਿੱਚ ਰੀਪਰ ਨਾਲ ਤੂੜੀ ਬਣਾਈ ਜਾਂਦੀ ਹੈ। ਪਰ ਕਰੀਬ 3 ਕੁ ਦਹਾਕੇ ਪਹਿਲਾਂ ਬਹੁਤੀ ਵਾਢੀ ਹੱਥੀਂ ਹੁੰਦੀ ਸੀ। ਹਾੜ੍ਹੀ ਦੇ ਦਿਨਾਂ ਵਿੱਚ ਖੇਤਾਂ ਵਿੱਚ ਮੇਲਾ ਲੱਗਾ ਰਹਿੰਦਾ ਸੀ। ਵੱਢੀ ਹੋਈ ਕਣਕ ਦੇ ਭਰੇ ਬੰਨ੍ਹੇ ਜਾਂਦੇ, ਜਿਨ੍ਹਾਂ ਨੂੰ ਸਿਰਾਂ 'ਤੇ ਚੁੱਕ ਕੇ ਥ੍ਰੈਸ਼ਰ ਤੱਕ ਪਹੁੰਚਾਇਆ ਜਾਂਦਾ। ਥ੍ਰੈਸ਼ਰ ਇਕ ਪਾਸੇ ਦਾਣੇ ਕੱਢੀ ਜਾਂਦਾ ਤੇ ਦੂਜੇ ਪਾਸੇ ਤੂੜੀ ਬਣਾਈ ਜਾਂਦਾ। ਤੂੜੀ ਸਾਂਭਣ ਲਈ ਬਹੁਤੇ ਕਿਸਾਨ ਆਪਣੀ ਮੋਟਰ 'ਤੇ ਹੀ ਕੁੱਪ ਬੰਨ੍ਹ ਲੈਂਦੇ। ਮਜ਼ਦੂਰ ਭਾਈਵਾਲ ਵਾਢੇ ਵਿੱਚ ਮਿਲਣ ਵਾਲੀ ਤੂੜੀ ਨੂੰ ਪਿੰਡ ਦੀ ਕਿਸੇ ਖਾਲੀ, ਬੇਆਬਾਦ ਜਾਂ ਸ਼ਾਮਲਾਟ ਵਿੱਚ ਕੁੱਪ ਬੰਨ੍ਹ ਕੇ ਸਾਂਭ ਲੈਂਦੇ।



ਕੁੱਪ ਨੂੰ ਬੰਨ੍ਹਣ ਲਈ ਕਾਫ਼ੀ ਸਾਮਾਨ ਇਕੱਠਾ ਕਰਨਾ ਪੈਂਦਾ ਸੀ। ਪਹਿਲਾਂ ਸਹੀ ਜਗ੍ਹਾ ਚੁਣੀ ਜਾਂਦੀ ਕਿ ਉਹ ਨੀਵੀਂ ਥਾਂ ਨਾ ਹੋਵੇ ਤਾਂ ਕਿ ਮੀਂਹ ਦੇ ਪਾਣੀ ਤੋਂ ਬਚਾਅ ਕਰੇ। ਫਿਰ ਸਲਵਾੜ, ਪਰਾਲੀ, ਅਰਹਰ ਦੀਆਂ ਛਟੀਆਂ, ਸੁੱਖਾ, ਨਾੜ ਆਦਿ ਸਾਮਾਨ ਇਕੱਠਾ ਕੀਤਾ ਜਾਂਦਾ। ਇਕ ਗੋਲ ਚੱਕਰ ਵਿੱਚ 4-5 ਕਿੱਲੇ ਗੱਡੇ ਜਾਂਦੇ, ਜਿਨ੍ਹਾਂ ਦੁਆਲੇ ਗੋਲ-ਚੱਕਰ ਵਾਂਗ ਲੋਹੇ ਦੀ ਤਾਰ ਜਾਂ ਵੇੜ ਫੇਰੀ ਜਾਂਦੀ। ਫਿਰ ਉਸ ਅੰਦਰ ਸਲਵਾੜ, ਕਾਹੀ, ਪਰਾਲੀ ਆਦਿ ਨੂੰ ਲਾਇਆ ਜਾਂਦਾ। ਕੁਝ ਦੂਰੀ 'ਤੇ ਨਾਲ-ਨਾਲ ਰੱਸੀਆਂ ਬੰਨ੍ਹੀਆਂ ਜਾਂਦੀਆਂ, ਜਿਨ੍ਹਾਂ ਨੂੰ ਦੰਗੇ ਕਿਹਾ ਜਾਂਦਾ ਸੀ। ਇਸ ਤੋਂ ਤੂੜੀ ਦੀਆਂ ਪੰਡਾਂ ਲਿਆ ਕੇ ਉਸ ਵਿੱਚ ਸੁੱਟੀਆਂ ਜਾਂਦੀਆਂ। ਇਸ ਤਰ੍ਹਾਂ ਕੁੱਪ ਦਾ ਬੱਲਾ ਤੁਰ ਪੈਂਦਾ। ਇਕ ਜਾਂ ਦੋ ਜਣੇ ਤੂੜੀ ਦੀਆਂ ਪੰਡਾਂ ਖੋਲ੍ਹਣ ਤੇ ਤੂੜੀ ਤੁਆਈ ਕਰਨ ਲਈ ਕੁੱਪ ਦੇ ਅੰਦਰ ਹੁੰਦੇ। ਜਿਵੇਂ-ਜਿਵੇਂ ਤੂੜੀ ਪੈਂਦੀ ਜਾਂਦੀ, ਕੁੱਪ ਉੱਚਾ ਹੁੰਦਾ ਜਾਂਦਾ। ਨਾਲ-ਨਾਲ ਤਾਰ ਦੇ ਗੇੜ ਤੇ ਦੰਗ੍ਹੇ ਲਾਉਣ ਦਾ ਕੰਮ ਜਾਰੀ ਰਹਿੰਦਾ। ਕੁੱਪ ਬੰਨ੍ਹਣ ਮਗਰੋਂ ਉਸ ਵਿੱਚ ਪਰਾਲੀ ਦੀ ਇਕ ਪੂਲੀ ਕੱਸ ਕੇ ਬੰਨ੍ਹ ਕੇ ਉਸ ਨੂੰ ਕੁੱਪ ਦੇ ਸਿਰ 'ਤੇ ਟਿਕਾਇਆ ਜਾਂਦਾ, ਜਿਸ 'ਤੇ ਬਹੁਤੇ ਲੋਕ ਛਿੱਤਰ ਟੰਗ ਦਿੰਦੇ, ਕਈ ਝੰਡਾਂ ਵੀ ਬੰਨ੍ਹਦੇ ਤਾਂ ਕਿ ਕਿਸੇ ਦੀ ਨਜ਼ਰ ਨਾ ਲੱਗੇ। ਇਸ ਤਰ੍ਹਾਂ ਰੁੱਖ ਬੰਨ੍ਹਣ ਦੀ ਇਹ ਕਲਾ ਆਪਣੇ-ਆਪ ਵਿੱਚ ਉੱਤਮ ਕਲਾ ਸੀ। ਭਾਵੇਂ ਅੱਜ ਸਮੇਂ ਦੀ ਘਾਟ ਜਾਂ ਬਹੁਤੇ ਰੁਝੇਵਿਆਂ ਕਾਰਨ ਬਾਜ਼ਾਰਾਂ ਵਿੱਚ ਬਣੇ ਬਣਾਏ ਤਰਪਾਲ ਦੇ ਕੁੱਪ ਮਿਲ ਜਾਂਦੇ ਹਨ ਜਾਂ ਕਈ ਹੋਰ ਵਿਧੀਆਂ ਪ੍ਰਚੱਲਿਤ ਹੋ ਗਈਆਂ ਹਨ ਪਰ ਇਨ੍ਹਾਂ ਵਿੱਚ ਤੂੜੀ ਨੂੰ ਲੰਮੇ ਸਮੇਂ ਤੱਕ ਸੁਰੱਖਿਅਤ ਨਹੀਂ ਰੱਖਿਆ ਜਾ ਸਕਦਾ।

ਗੁਰਪ੍ਰੀਤ ਸਿੰਘ ਬੀੜ ਕਿਸ਼ਨ, ਪਿੰਡ ਬੀਜਾ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ-141412 (ਮੋ. 99884-66885)



# ਪੰਜਾਬ ਵਿੱਚ ਦੇਸੀ ਕਪਾਹ ਦੀ ਮੁੜ ਸੁਰਜੀਤੀ



ਵਿਵੇਕ ਕੁਮਾਰ, ਫ਼ਤਿਹਜੀਤ ਸਿੰਘ ਸੇਖੋਂ ਅਤੇ ਗੋਮਤੀ ਗਰੋਵਰ,
ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ (ਮੋ. 98556-03629)

**ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਦੇਸੀ ਕਪਾਹ ਦੀਆਂ ਕਿਸਮਾਂ ਕਿਸਾਨਾਂ ਦੀ ਝੋਲੀ ਪਾਈਆਂ ਹੋਈਆਂ ਸਨ ਪਰ ਪਿਛਲੇ ਸਾਲਾਂ ਵਿੱਚ ਕਿਸਾਨਾਂ ਵਿੱਚ ਦੇਸੀ ਕਪਾਹ ਦੀ ਮੰਗ ਨੂੰ ਦੇਖਦੇ ਹੋਏ ਯੂਨੀਵਰਸਿਟੀ ਨੇ ਦੇਸੀ ਕਪਾਹ ਦੀ ਵਧੇਰੇ ਝਾੜ ਵਾਲੀ ਨਵੀਂ ਕਿਸਮ ਪੀ ਬੀ ਡੀ 88 ਪੰਜਾਬ ਵਿੱਚ ਕਾਸ਼ਤ ਲਈ ਸਿਫ਼ਾਰਸ਼ ਕੀਤੀ ਗਈ ਹੈ । ਵਧੀਆ ਸਹਿਨਸ਼ੀਲਤਾ ਅਤੇ ਉੱਚ ਪੈਦਾਵਾਰ ਸਮਰੱਥਾ ਨਾਲ ਦੇਸੀ ਕਪਾਹ ਪੰਜਾਬ ਦੀ ਕਪਾਹ ਦੀ ਖੇਤੀ ਵਿੱਚ ਟਿਕਾਊਪਣ ਅਤੇ ਲਾਭ ਨੂੰ ਮੁੜ ਸਥਾਪਿਤ ਕਰਨ ਦਾ ਮਜ਼ਬੂਤ ਰਸਤਾ ਪੇਸ਼ ਕਰਦੀ ਹੈ । ਆਮ ਤੌਰ ਤੇ ਦੇਸੀ ਕਪਾਹ ਦੀ ਕਾਸ਼ਤ ਹਰ ਤਰ੍ਹਾਂ ਦੀ ਜ਼ਮੀਨ ਵਿੱਚ ਕੀਤੀ ਜਾ ਸਕਦੀ ਹੈ, ਪਰ ਰੇਤਲੀਆਂ, ਕਲਰਾਠੀਆਂ ਅਤੇ ਸੇਮ ਵਾਲੀਆਂ ਜ਼ਮੀਨਾਂ ਇਸ ਲਈ ਢੁਕਵੀਆਂ ਨਹੀਂ ਰਹਿੰਦੀਆਂ ।**

**ਦੇਸੀ ਕਪਾਹ ਦੀਆਂ ਉੱਨਤ ਕਿਸਮਾਂ :**

**ਪੀ ਬੀ ਡੀ 88 :** ਦੇਸੀ ਕਪਾਹ ਦੀ ਇਹ ਨਵੀਂ ਕਿਸਮ ਵਧੇਰੇ ਝਾੜ ਤਾਂ ਦਿੰਦੀ ਹੀ ਹੈ ਅਤੇ ਨਾਲ ਹੀ ਇਸ ਦੀਆਂ ਫੁੱਟੀਆਂ ਵੀ ਘੱਟ ਝੜਦੀਆਂ ਹਨ । ਇਸ ਦਾ ਔਸਤ ਝਾੜ ਲਗਭਗ 10.9 ਕੁਇੰਟਲ ਪ੍ਰਤੀ ਏਕੜ ਹੈ । ਟੀਂਡੇ ਦਾ ਔਸਤ ਭਾਰ 2.8 ਗ੍ਰਾਮ ਅਤੇ ਰੂੰ ਦਾ ਕਸ ਲਗਭਗ 38% ਹੈ । ਇਹ ਇੱਕ ਘੱਟ ਡਿੱਗਣ ਵਾਲੀ ਕਿਸਮ ਹੋਣ ਕਰਕੇ ਦੂਜੀਆਂ ਕਿਸਮਾਂ ਦੇ ਮੁਕਾਬਲੇ ਘੱਟ ਚੁਗਾਈਆਂ ਦੀ ਲੋੜ ਪੈਂਦੀ ਹੈ । ਇਹ ਕਿਸਮ ਰਸ ਚੂਸਣ ਵਾਲੇ ਕੀੜੇ ਜਿਵੇਂ ਕਿ ਹਰਾ ਤੇਲਾ ਤੇ ਚਿੱਟੀ ਮੱਖੀ ਅਤੇ ਬਿਮਾਰੀਆਂ ਜਿਵੇਂ ਕਿ ਸੋਕਾ ਰੋਗ ਅਤੇ ਬੈਕਟੀਰੀਅਲ ਬਲਾਈਟ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ ।

**ਐਲ ਡੀ 1019 :** ਇਹ ਇਕ ਘੱਟ ਝੜਨ ਵਾਲੀ ਕਿਸਮ ਹੈ ਜਿਸ ਨੂੰ ਦੂਜੀਆਂ ਕਿਸਮਾਂ ਦੇ ਮੁਕਾਬਲੇ ਸਿਰਫ਼ ਦੋ ਜਾਂ ਤਿੰਨ ਚੁਗਾਈਆਂ ਦੀ ਲੋੜ ਪੈਂਦੀ ਹੈ । ਇਸ ਕਿਸਮ ਦਾ ਔਸਤਨ ਝਾੜ 8.6 ਕੁਇੰਟਲ ਪ੍ਰਤੀ ਏਕੜ ਹੈ । ਇਹ ਕਿਸਮ ਤੇਲੇ, ਚਿੱਟੀ ਮੱਖੀ, ਸੋਕਾ ਰੋਗ ਅਤੇ ਬੈਕਟੀਰੀਅਲ ਬਲਾਈਟ ਦਾ ਟਾਕਰਾ ਕਰਨ ਦੀ ਸਮੱਰਥਾ ਰੱਖਦੀ ਹੈ ।

**ਐਲ ਡੀ 949 :** ਇਸ ਕਿਸਮ ਦੀ ਕਪਾਹ ਦਾ ਔਸਤਨ ਝਾੜ 9.9 ਕੁਇੰਟਲ ਪ੍ਰਤੀ ਏਕੜ ਹੈ ਅਤੇ ਰੂੰ ਦਾ ਕੱਸ 40.1 ਪ੍ਰਤੀਸ਼ਤ ਹੈ । ਇਸ ਦੇ ਰੇਸ਼ੇ ਛੋਟੇ (20.7 ਮਿਲੀਮੀਟਰ) ਅਤੇ ਖੁਰਦਰੇ ਹਨ । ਇਸ ਦੀ ਰੂੰ ਸਰਜੀਕਲ ਮੰਤਵ ਲਈ ਢੁਕਵੀਂ ਹੈ । ਇਹ ਕਿਸਮ ਤੇਲੇ, ਚਿੱਟੀ ਮੱਖੀ, ਸੋਕਾ ਰੋਗ ਅਤੇ ਬੈਕਟੀਰੀਅਲ ਬਲਾਈਟ ਦਾ ਟਾਕਰਾ ਕਰਨ ਦੀ ਵਧੇਰੇ ਸਮਰੱਥਾ ਰੱਖਦੀ ਹੈ ।

**ਐਫ ਡੀ ਕੇ 124 :** ਇਸ ਕਿਸਮ ਦਾ ਔਸਤਨ ਝਾੜ 9.3 ਕੁਇੰਟਲ ਪ੍ਰਤੀ ਏਕੜ ਹੈ । ਇਸ ਦੇ ਰੇਸ਼ੇ ਦੀ ਔਸਤ ਲੰਬਾਈ 21.0 ਮਿਲੀਮੀਟਰ ਅਤੇ ਰੂੰ ਦਾ ਕੱਸ 36.4 ਪ੍ਰਤੀਸ਼ਤ ਹੈ । ਇਹ ਕਿਸਮ ਤੇਲੇ ਅਤੇ ਚਿੱਟੀ ਮੱਖੀ ਦੇ ਹਮਲੇ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ ।

**ਸੁਧਰੇ ਕਾਸ਼ਤਕਾਰੀ ਢੰਗ**

**ਖੇਤ ਦੀ ਤਿਆਰੀ :** ਚੰਗੇ ਜੰਮ ਲਈ ਖੇਤ ਨੂੰ ਚੰਗੀ ਤਰ੍ਹਾਂ ਤਿਆਰ ਕਰਨਾ ਜ਼ਰੂਰੀ ਹੈ । ਖੇਤ ਤਿਆਰ ਕਰਨ ਤੋਂ ਪਹਿਲਾਂ ਤਹਿ ਤੋੜ ਹਲ ਨਾਲ ਇੱਕ ਮੀਟਰ ਦੀ ਦੂਰੀ ਤੇ ਦੋ ਤਰਫ਼ਾ 45-50 ਸੈਂਟੀਮੀਟਰ ਡੂੰਘੀ ਵਾਹੀ ਕਰਨੀ ਚਾਹੀਦੀ ਹੈ । ਸਬ ਸਾਇਲਰ ਚਲਾਉਣ ਤੋਂ ਬਾਅਦ ਮਿੱਟੀ ਦੇ ਢੇਲਿਆਂ ਨੂੰ ਸੁਹਾਗਾ ਮਾਰ ਕੇ ਤੋੜ ਦੇਣਾ ਚਾਹੀਦਾ ਹੈ ਅਤੇ ਉਸ ਤੋਂ ਬਾਅਦ ਆਮ ਵਾਂਗ ਖੇਤ ਦੀ ਤਿਆਰੀ ਕਰਨੀ ਚਾਹੀਦੀ ਹੈ ।

**ਬਿਜਾਈ ਦਾ ਸਮਾਂ :** ਬਿਜਾਈ 1 ਅਪ੍ਰੈਲ ਤੋਂ 15 ਮਈ ਤੱਕ ਕਰਨੀ ਚਾਹੀਦੀ ਹੈ । ਇਸ ਸਮੇਂ ਦੌਰਾਨ ਬਿਜਾਈ ਕਰਨ ਨਾਲ ਝਾੜ ਵਧੇਰੇ ਮਿਲਦਾ ਹੈ ਅਤੇ ਫ਼ਸਲ ਉੱਤੇ ਕੀੜਿਆਂ ਅਤੇ ਬਿਮਾਰੀਆਂ ਦਾ ਹਮਲਾ ਵੀ ਘੱਟ ਹੁੰਦਾ ਹੈ ।

**ਬੀਜ ਦੀ ਮਾਤਰਾ ਅਤੇ ਸੋਧ :** ਦੇਸੀ ਕਪਾਹ ਦੀ ਬਿਜਾਈ ਲਈ 3 ਕਿਲੋ ਬੀਜ ਪ੍ਰਤੀ ਏਕੜ ਚਾਹੀਦਾ ਹੈ । ਬਿਜਾਈ ਤੋਂ ਪਹਿਲਾਂ ਬੀਜ ਨੂੰ ਗੰਧਕ ਦੇ ਸੰਘਣੇ ਤੇਜ਼ਾਬ ਨਾਲ ਲੂੰ ਰਹਿਤ ਕਰਕੇ ਚੰਗੀ ਤਰ੍ਹਾਂ ਧੋ ਲੈਣਾ ਚਾਹੀਦਾ ਹੈ । ਇਸ ਦੇ ਵਿਕਲਪ ਵਿੱਚ, ਲੂੰ ਵਾਲੇ ਬੀਜ ਨੂੰ ਇਕੱਲਾ-ਇਕੱਲਾ ਨਿਖੇੜਨ ਲਈ ਇਸ ਨੂੰ ਬਰੀਕ ਮਿੱਟੀ, ਗੋਹੇ ਜਾਂ ਸੁਆਹ ਵਿੱਚ ਮਲ ਲੈਣਾ ਚਾਹੀਦਾ ਹੈ ।

**ਬਿਜਾਈ ਤੇ ਫ਼ਾਸਲਾ :** ਬਿਜਾਈ 67.5 ਸੈਂਟੀਮੀਟਰ ਦੂਰੀ ਦੀਆਂ ਕਤਾਰਾਂ ਵਿੱਚ ਕਪਾਹ ਬੀਜਣ ਵਾਲੀ ਡਰਿੱਲ ਨਾਲ ਕਰਨੀ ਚਾਹੀਦੀ ਹੈ । ਵਿਰਲਾ ਕਰਦੇ ਸਮੇਂ ਬੂਟੇ ਤੋਂ ਬੂਟੇ ਦਾ ਫ਼ਾਸਲਾ 45 ਸੈਂਟੀਮੀਟਰ ਰੱਖਣਾ ਚਾਹੀਦਾ ਹੈ । ਫ਼ਸਲ ਨੂੰ ਪਹਿਲੀ ਸਿੰਜਾਈ ਜਾਂ ਭਰਵੇਂ ਮੀਂਹ ਤੋਂ ਬਾਅਦ ਵਿਰਲਾ ਕਰਨਾ ਚਾਹੀਦਾ ਹੈ । ਨਰਮਾ ਬੀਜਣ ਵਾਲੀ ਮਸ਼ੀਨ ਨਾਲ ਵੱਟਾਂ ਉਪਰ ਦੀ ਬਿਜਾਈ ਕੀਤੀ ਜਾ ਸਕਦੀ ਹੈ ।

**ਪਨੀਰੀ ਰਾਹੀਂ ਬੂਟਿਆਂ ਦੀ ਗਿਣਤੀ ਪੂਰੀ ਕਰਨਾ :** ਬੂਟਿਆਂ ਦੀ ਗਿਣਤੀ ਪੂਰੀ ਕਰਨ ਲਈ ਤਿੰਨ ਹਫ਼ਤੇ ਦੀ ਪਨੀਰੀ ਲਾਈ ਜਾ ਸਕਦੀ ਹੈ । ਖਾਲੀ ਥਾਵਾਂ ਦੀ ਭਰਪਾਈ 3 ਹਫ਼ਤੇ ਪੁਰਾਣੇ ਪੌਦੇ ਪੋਲੀਥੀਨ ਬੈਗਾਂ ਵਿੱਚ ਤਿਆਰ ਕਰਕੇ ਖੇਤ ਵਿੱਚ ਲਾਏ ਜਾ ਸਕਦੇ ਹਨ ।

**ਨਦੀਨ ਪ੍ਰਬੰਧਨ :** ਨਦੀਨਾਂ ਦੀ ਰੋਕਥਾਮ 2-3 ਗੋਡੀਆਂ ਨਾਲ ਕੀਤੀ ਜਾ ਸਕਦੀ ਹੈ । ਪਹਿਲੀ ਗੋਡੀ ਪਹਿਲੇ ਪਾਣੀ ਤੋਂ ਪਹਿਲਾਂ, ਪਹੀਏ ਵਾਲੀ ਤ੍ਰਿਫਾਲੀ / ਟਰੈਕਟਰ ਨਾਲ ਚੱਲਣ ਵਾਲੇ ਟਿੱਲਰ / ਟਰੈਕਟਰ ਨਾਲ ਚੱਲਣ ਵਾਲੇ ਰੋਟਰੀ ਵੀਡਰ ਨਾਲ ਕੀਤੀ ਜਾ ਸਕਦੀ ਹੈ । ਟੀਂਡੇ ਪੈਣ ਤੋਂ ਬਾਅਦ ਇਨ੍ਹਾਂ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ । ਇੱਟਸਿਟ / ਚੁਪੱਤੀ ਅਤੇ ਮਧਾਣਾ/ਮੱਕੜਾ ਦੀ ਰੋਕਥਾਮ ਲਈ 1.0 ਲਿਟਰ ਪ੍ਰਤੀ ਏਕੜ ਸਟੌਂਪ 30 ਈ ਸੀ ਨੂੰ 200 ਲਿਟਰ ਪਾਣੀ ਵਰਤ ਕੇ ਫਲੈਟ ਫੈਨ ਜਾਂ ਫਲੱਡ ਜੈਟ ਨੋਜ਼ਲ ਵਾਲੇ ਪੰਪਾਂ ਨਾਲ ਬਿਜਾਈ ਦੇ 24 ਘੰਟੇ ਅੰਦਰ ਇਕਸਾਰ ਛਿੜਕਣਾ ਚਾਹੀਦਾ ਹੈ ਅਤੇ ਬਿਜਾਈ ਤੋਂ 45 ਦਿਨ ਬਾਅਦ ਇੱਕ ਗੋਡੀ ਕਰਨੀ ਚਾਹੀਦੀ ਹੈ । ਜਿਨ੍ਹਾਂ ਖੇਤਾਂ ਵਿੱਚ ਨਦੀਨ ਪਹਿਲਾ ਪਾਣੀ ਲਾਉਣ ਪਿੱਛੋਂ ਜਾਂ ਮੀਂਹ ਪੈਣ ਤੇ ਉੱਗਦੇ ਹਨ ਉੱਥੇ 1.0 ਲਿਟਰ ਪ੍ਰਤੀ ਏਕੜ ਸਟੌਂਪ 30 ਈ ਸੀ ਦਾ ਛਿੜਕਾਅ ਪਾਣੀ ਲਾਉਣ ਤੋਂ ਬਾਅਦ ਚੰਗੇ ਵੱਤਰ ਵਿੱਚ ਕਰਨਾ ਲਾਹੇਵੰਦ ਰਹਿੰਦਾ ਹੈ । ਪਹਿਲਾਂ ਉੱਗੇ ਨਦੀਨਾਂ ਨੂੰ ਸਟੌਂਪ ਛਿੜਕਾਅ ਤੋਂ ਪਹਿਲਾਂ ਗੋਡੀ ਕਰਕੇ ਪੁੱਟ ਦੇਣਾ ਲਾਜ਼ਮੀ ਹੁੰਦਾ ਹੈ । ਨਦੀਨਨਾਸ਼ਕ ਦੀ ਵਰਤੋਂ ਰਹਿੰਦ-ਖੂੰਹਦ ਅਤੇ ਢੀਮਾਂ ਤੋਂ ਰਹਿਤ ਹੋਵੇ ਅਤੇ ਖੇਤ ਵਿੱਚ ਵੱਤਰ ਕਾਫ਼ੀ ਹੋਣਾ ਚਾਹੀਦਾ ਹੈ ਅਤੇ ਛਿੜਕਾਅ ਸਵੇਰ ਜਾਂ ਸ਼ਾਮ ਨੂੰ ਕਰਨਾ ਚਾਹੀਦਾ ਹੈ । ਇਸ ਦੇ ਬਦਲ ਵਿੱਚ ਫ਼ਸਲ ਵਿੱਚ ਪਹਿਲੇ ਪਾਣੀ ਤੋਂ ਬਾਅਦ ਖੇਤ ਵੱਤਰ ਆਉਣ ਤੇ 500 ਮਿਲੀਲਿਟਰ ਪ੍ਰਤੀ ਏਕੜ ਹਿਟਵੀਡ ਮੈਕਸ 10 ਪ੍ਰਤੀਸ਼ਤ (ਪਾਇਰੀਥਾਇਓਬੈਕ ਸੋਡੀਅਮ 6% + ਕੁਇਜ਼ਾਲੋਫਾਪ ਇਥਾਇਲ 4%) ਦਾ ਛਿੜਕਾਅ ਕਰਨ ਤੇ ਘਾਹ ਅਤੇ ਚੌੜੇ ਪੱਤੇ ਵਾਲੇ ਮੌਸਮੀ ਨਦੀਨਾਂ ਦੀ ਚੰਗੀ ਰੋਕਥਾਮ ਕੀਤੀ ਜਾ ਸਕਦੀ ਹੈ । ਇਹ ਨਦੀਨਨਾਸ਼ਕ ਲਪੇਟਾ ਵੇਲ (ਗੁਆਰਾ ਵੇਲ) ਦੀ ਵੀ 2 ਤੋਂ 5 ਪੱਤਿਆਂ ਦੀ ਅਵਸਥਾ ਤੇ ਚੰਗਾ ਰੋਕਥਾਮ ਕਰਦੀ ਹੈ । ਇਸ ਦੇ ਬਦਲ ਵਿੱਚ ਪ੍ਰਤੀ ਏਕੜ 500 ਮਿਲੀਲਿਟਰ ਗਰੈਮਕਸੋਨ 24 ਐਸ ਐਲ (ਪੈਰਾਕੁਐਟ) ਜਾਂ 900 ਮਿਲੀਲਿਟਰ ਸਵੀਪ ਪਾਵਰ 13.5 ਐਸ ਐਲ (ਗਲੂਫੋਸੀਨੇਟ ਅਮੋਨੀਅਮ) ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਬਿਜਾਈ ਤੋਂ 6-8 ਹਫ਼ਤੇ ਬਾਅਦ ਜਦੋਂ ਫ਼ਸਲ ਦਾ ਕੱਦ ਤਕਰੀਬਨ 40-45 ਸੈਂਟੀਮੀਟਰ ਹੋਵੇ, ਸੁਰੱਖਿਅਤ ਹੁੱਡ ਦੀ ਵਰਤੋਂ ਕਰਕੇ ਫ਼ਸਲ ਦੀਆਂ ਕਤਾਰਾਂ ਵਿਚਕਾਰ ਨਦੀਨਾਂ ਉਪਰ ਸਿੱਧਾ ਛਿੜਕਾਅ ਕਰਨਾ ਚਾਹੀਦਾ ਹੈ ।

**ਖੁਰਾਕੀ ਤੱਤ ਪ੍ਰਬੰਧਨ :** ਕਪਾਹ ਦੀਆਂ ਸਾਰੀਆਂ ਕਿਸਮਾਂ ਲਈ 65 ਕਿਲੋ ਯੂਰੀਆ ਅਤੇ 27 ਕਿਲੋ ਡੀ ਏ ਪੀ ਜਾਂ 75 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ ਕਰਨੀ ਚਾਹੀਦੀ ਹੈ । ਜੇਕਰ ਕਪਾਹ ਦੀ ਕਾਸ਼ਤ ਕਣਕ ਤੋਂ ਬਾਅਦ ਕਰਨੀ ਹੋਵੇ ਜਿਸ ਨੂੰ ਸਿਫ਼ਾਰਿਸ਼ ਕੀਤੀ ਫ਼ਾਸਫੋਰਸ ਦੀ ਮਾਤਰਾ ਪਾਈ ਗਈ ਹੈ ਤਾਂ ਇਸ ਨੂੰ ਫ਼ਾਸਫੋਰਸ ਤੱਤ ਪਾਉਣ ਦੀ ਜ਼ਰੂਰਤ ਨਹੀਂ ਹੁੰਦੀ । ਰੇਤਲੀਆਂ ਜ਼ਮੀਨਾਂ ਵਿੱਚ ਕਪਾਹ ਦੀ ਫ਼ਸਲ ਨੂੰ ਬਿਜਾਈ ਸਮੇਂ 20 ਕਿਲੋ ਮਿਊਰੇਟ ਆਫ਼ ਪੋਟਾਸ਼ ਅਤੇ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21%) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ (33%) ਪ੍ਰਤੀ ਏਕੜ ਪਾਉਣਾ ਚਾਹੀਦਾ ਹੈ । ਸਾਰੀ ਫ਼ਾਸਫੋਰਸ ਅਤੇ 25 ਕਿਲੋ ਪ੍ਰਤੀ ਏਕੜ ਮੈਗਨੀਸ਼ੀਅਮ ਸਲਫੇਟ ਬਿਜਾਈ ਸਮੇਂ ਪਾਉਣੀ ਚਾਹੀਦੀ ਹੈ । ਅੱਧੀ ਨਾਈਟ੍ਰੋਜਨ ਬੂਟੇ ਵਿਰਲੇ ਕਰਨ ਸਮੇਂ ਅਤੇ ਬਾਕੀ ਅੱਧੀ ਫੁੱਲ ਨਿਕਲਣ ਸਮੇਂ ਪਾਓ । ਜੇਕਰ ਜ਼ਮੀਨ ਦੀ ਮੁੱਢਲੀ ਉਪਜਾਊ ਸ਼ਕਤੀ ਘੱਟ ਹੋਵੇ ਤਾਂ ਨਾਈਟ੍ਰੋਜਨ ਖਾਦ ਦੀ ਪਹਿਲੀ ਕਿਸ਼ਤ ਬਿਜਾਈ ਸਮੇਂ ਹੀ ਪਾ ਦੇਣੀ ਚਾਹੀਦੀ ਹੈ । ਬੋਰੋਨ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 4 ਕਿਲੋ ਬੋਰੈਕਸ ਪ੍ਰਤੀ ਏਕੜ ਬਿਜਾਈ ਵੇਲੇ ਪਾਉਣਾ ਚਾਹੀਦਾ ਹੈ । ਬੋਰੋਨ ਦੀ ਸਿਫ਼ਾਰਿਸ਼ ਨਾਲੋਂ ਵਧੇਰੇ ਵਰਤੋਂ ਫ਼ਸਲ ਲਈ ਨੁਕਸਾਨਦੇਹ ਹੋ ਸਕਦੀ ਹੈ । ਕਪਾਹ ਦੀ ਫ਼ਸਲ ਤੋਂ ਵੱਧ ਝਾੜ ਲੈਣ ਲਈ 2% ਪੋਟਾਸ਼ੀਅਮ ਨਾਈਟ੍ਰੇਟ (13:0:45) ਦਾ ਫੁੱਲਾਂ ਦੇ ਸ਼ੁਰੂ ਹੋਣ ਤੋਂ ਲੈ ਕੇ ਇੱਕ ਹਫ਼ਤੇ ਦੇ ਵਕਫ਼ੇ ਤੇ 4 ਵਾਰ ਛਿੜਕਾਅ ਕਰਨਾ ਚਾਹੀਦਾ ਹੈ ।

**ਸਿੰਚਾਈ ਅਤੇ ਜਲ-ਨਿਕਾਸ :** ਵਰਖਾ ਦੇ ਅਧਾਰ ਤੇ ਫ਼ਸਲ ਨੂੰ ਕੁੱਲ 4 ਤੋਂ 6 ਪਾਣੀ ਚਾਹੀਦੇ ਹਨ । ਪਹਿਲਾਂ ਪਾਣੀ ਬਿਜਾਈ ਤੋਂ 4 ਤੋਂ 6 ਹਫ਼ਤੇ ਬਾਅਦ ਅਤੇ ਇਸ ਪਿੱਛੋਂ ਪਾਣੀ ਦੋ ਜਾਂ ਤਿੰਨ ਹਫ਼ਤਿਆਂ ਦੇ ਵਕਫ਼ੇ ਨਾਲ ਦੇਣੇ ਚਾਹੀਦੇ ਹਨ । ਹਲਕੀਆਂ ਜ਼ਮੀਨਾਂ ਜਾਂ ਵੱਟਾਂ ਉਪਰ ਬੀਜੀ ਫ਼ਸਲ ਨੂੰ ਲੋੜ ਪੈਣ ਤੇ ਪਾਣੀ ਪਹਿਲਾਂ ਵੀ ਦਿੱਤਾ ਜਾ ਸਕਦਾ ਹੈ । ਜਿੱਥੇ ਧਰਤੀ ਹੇਠਲਾ ਪਾਣੀ ਮਾੜਾ ਹੈ ਉਥੇ ਨਹਿਰੀ ਪਾਣੀ ਨਾਲ ਭਰਵੀਂ ਰੌਣੀ ਕਰਨੀ ਚਾਹੀਦੀ ਹੈ ਅਤੇ ਬਾਅਦ ਵਿੱਚ ਟਿਊਬਵੈੱਲ ਦਾ ਪਾਣੀ ਇੱਕ ਖੇਲ ਛੱਡ ਕੇ ਲਗਾਇਆ ਜਾ ਸਕਦਾ ਹੈ । ਜਿੱਥੇ ਨਰਮੇ ਦੀ ਸਿੰਚਾਈ ਲੂਣੇ ਪਾਣੀ ਨਾਲ ਹੁੰਦੀ ਹੈ ਉਹਨਾਂ ਜ਼ਮੀਨਾਂ ਵਿੱਚ 16 ਕੁਇੰਟਲ ਪ੍ਰਤੀ ਏਕੜ ਝੋਨੇ ਦੀ ਪਰਾਲੀ ਤੋਂ ਬਣੇ ਬਾਇਓਚਾਰ ਪਾਉਣ ਨਾਲ ਲੂਣੇ ਪਾਣੀ ਦੇ ਅਸਰ ਨੂੰ ਘਟਾਇਆ ਜਾ ਸਕਦਾ ਹੈ ਅਤੇ ਝਾੜ ਵਿੱਚ ਵਾਧਾ ਹੁੰਦਾ ਹੈ । ਫ਼ਸਲ ਨੂੰ ਫੁੱਲ ਨਿਕਲਣ ਅਤੇ ਫ਼ਲ ਪੈਣ ਸਮੇਂ ਪਾਣੀ ਦੀ ਘਾਟ ਨਹੀਂ ਆਉਣ ਦੇਣੀ ਚਾਹੀਦੀ, ਨਹੀਂ ਤਾਂ ਬਹੁਤ ਸਾਰੇ ਫੁੱਲ ਅਤੇ ਟੀਂਡੇ ਝੜ ਜਾਣਗੇ ਅਤੇ ਉਪਜ ਬਹੁਤ ਘੱਟ ਮਿਲੇਗੀ । ਛੋਟੀ ਫ਼ਸਲ ਖੜ੍ਹਾ ਪਾਣੀ ਜ਼ਿਆਦਾ ਚਿਰ ਨਹੀਂ ਸਹਾਰ ਸਕਦੀ, ਅਜਿਹੇ ਹਾਲਤਾਂ ਵਿੱਚ ਪਾਣੀ ਦਾ ਨਿਕਾਸ ਛੇਤੀ ਕਰ ਦੇਣਾ ਚਾਹੀਦਾ ਹੈ ।



**ਚੁਗਾਈ :** ਕਪਾਹ ਸਾਫ਼ ਅਤੇ ਸੁੱਕੀ ਚੁਗਣੀ ਚਾਹੀਦੀ ਹੈ ਤਾਂ ਕਿ ਮੰਡੀ ਵਿੱਚ ਇਸ ਦਾ ਮੁੱਲ ਜ਼ਿਆਦਾ ਪਵੇ । ਚੁਗਾਈ ਲੱਗਭਗ 15 ਦਿਨਾਂ ਦੇ ਵਕਫ਼ੇ ਤੇ ਕਰਨੀ ਚਾਹੀਦੀ ਹੈ ।

# ਪੰਜਾਬ ਵਿੱਚ ਟਿਕਾਊ ਖੇਤੀ ਲਈ ਮਿੱਟੀ ਅਤੇ ਪਾਣੀ ਦੀ ਸੰਭਾਲ ਜ਼ਰੂਰੀ

**ਅਮਰਜੀਤ ਸਿੰਘ ਸੰਧੂ, ਪ੍ਰਿਤਪਾਲ ਸਿੰਘ ਅਤੇ ਨਵਨੀਤ ਕੌਰ,**
ਫ਼ਾਰਮ ਸਲਾਹਕਾਰ ਸੇਵਾ ਕੇਂਦਰ, ਬਠਿੰਡਾ (ਮੋਬਾਇਲ 88722-00120)

ਉਪਜਾਊ ਮਿੱਟੀ ਅਤੇ ਚੰਗੀ ਗੁਣਵਤਾ ਵਾਲਾ ਪਾਣੀ ਪੰਜਾਬ ਵਿੱਚ ਟਿਕਾਊ ਖੇਤੀ ਦੀ ਅਸਲ ਨੀਂਹ ਹੈ। ਸਿਹਤਮੰਦ ਮਿੱਟੀ ਹੀ ਉੱਚ ਗੁਣਵਤਾ ਭਰਪੂਰ ਪੌਸ਼ਟਿਕ ਅਨਾਜ ਦੀ ਪੈਦਾਵਾਰ ਦਾ ਧੁਰਾ ਹੈ, ਜੋ ਟਿਕਾਊ ਖੇਤੀ ਨੂੰ ਯਕੀਨੀ ਬਣਾਉਂਦੀ ਹੈ। ਪੰਜਾਬ ਨੇ ਪਿਛਲੇ ਕਈ ਦਹਾਕਿਆਂ ਤੋਂ ਕਣਕ-ਝੋਨਾ ਫ਼ਸਲੀ ਚੱਕਰ ਰਾਹੀਂ ਕੇਂਦਰੀ ਖਾਦ ਭੰਡਾਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਪ੍ਰੰਤੂ ਲਗਾਤਾਰ ਇੱਕੋ ਜਿਹੇ ਫ਼ਸਲੀ ਚੱਕਰ ਨੇ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਪ੍ਰਭਾਵਿਤ ਕੀਤਾ ਹੈ। ਇਸ ਲਈ ਮਿੱਟੀ ਦੀ ਸਿਹਤ ਬਹਾਲੀ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਖੇਤੀ ਵਿੱਚ ਬਹੁ-ਪੱਖੀ ਰਣਨੀਤੀ ਦੀ ਲੋੜ ਹੈ, ਜੋ ਕਿ ਇਸ ਪ੍ਰਮੁੱਖ ਫ਼ਸਲੀ-ਚੱਕਰ ਵਿੱਚ ਰਹਿੰਦਿਆਂ ਲੰਮੇ ਸਮੇਂ ਦੀ ਖੇਤੀ ਸਥਿਰਤਾ ਲਈ ਵਿਗਿਆਨਕ ਢੰਗਾਂ ਤੇ ਕੇਂਦਰਿਤ ਹੋਵੇ।

ਪੰਜਾਬ ਵਿੱਚ ਪਿਛਲੇ ਕਈ ਸਾਲਾਂ ਤੋਂ ਇਹ ਵਰਤਾਰਾ ਚੱਲ ਰਿਹਾ ਹੈ ਕਿ ਬਹੁਤ ਸਾਰੇ ਕਿਸਾਨ ਵੀਰ ਕਣਕ ਦੀ ਵਾਢੀ ਮਗਰੋਂ ਤੂੜੀ ਬਨਾਉਣ ਤੋਂ ਬਾਅਦ ਬਚੀ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਦੀ ਭੇਂਟ ਚਾੜ੍ਹ ਦਿੰਦੇ ਹਨ, ਜਿਸ ਕਾਰਨ ਜਿੱਥੇ ਜ਼ਮੀਨ ਦੀ ਉਪਜਾਊ ਸ਼ਕਤੀ ਪ੍ਰਭਾਵਿਤ ਹੁੰਦੀ ਹੈ, ਉਥੇ ਫ਼ਸਲੀ ਰਹਿੰਦ-ਖੂੰਹਦ ਜ਼ਮੀਨ ਦਾ ਹਿੱਸਾ ਹੀ ਨਹੀਂ ਬਣਦੀ। ਕਣਕ ਦੀ ਵਾਢੀ ਤੋਂ ਝੋਨੇ ਦੀ ਲੁਆਈ ਤੱਕ ਦੇ ਸਮੇਂ ਦੌਰਾਨ ਕਿਸਾਨ ਵੀਰ ਧਰਤੀ ਹੇਠਲਾ ਪਾਣੀ ਕੱਢ ਕੇ ਜ਼ਮੀਨ ਦੀ ਰੌਣੀ ਕਰਕੇ ਜ਼ਮੀਨ ਨੂੰ ਕਈ ਵਾਰ ਵਾਹੁੰਦੇ ਹਨ। ਅਜਿਹਾ ਕਰਨ ਨਾਲ ਜਿੱਥੇ ਬੇਲੋੜੇ ਪਾਣੀ ਦੀ ਵਰਤੋਂ ਭੂ-ਜਲ ਭੰਡਾਰ ਨੂੰ ਵੀ ਵੱਡਾ ਖੋਰਾ ਲਾਉਂਦੀ ਹੈ, ਉਥੇ ਹਨ੍ਹੇਰੀ-ਝਖੇੜਿਆਂ ਕਾਰਨ ਭੋਂ-ਖੋਰ ਮਿੱਟੀ ਦੀ ਉਪਰਲੀ ਪਰਤ ਦੀ ਉਪਜਾਊ ਸ਼ਕਤੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਅਜਿਹਾ ਕਰਨ ਨਾਲ ਕਿਸਾਨ ਵੀਰਾਂ ਦਾ ਬੇਲੋੜਾ ਖਰਚਾ ਹੁੰਦਾ ਹੈ। ਇਸ ਲਈ ਜਿਹੜੇ ਕਿਸਾਨ ਵੀਰਾਂ ਨੇ ਕਣਕ ਦੀ ਵਾਢੀ ਤੋਂ ਲੈ ਕੇ ਝੋਨੇ ਦੀ ਲੁਆਈ ਤੱਕ ਕੋਈ ਫ਼ਸਲ ਨਾ ਬੀਜਣੀ ਹੋਵੇ, ਤਾਂ ਉਹ ਕਿਸਾਨ ਧਰਤੀ ਹੇਠਲੇ ਪਾਣੀ ਦੀ ਬੇਲੋੜੀ ਵਰਤੋਂ ਅਤੇ ਜ਼ਮੀਨ ਦੀ ਵਹਾਈ ਨਾ ਕਰਨ। ਕਣਕ ਦੀ ਵਾਢੀ ਤੋਂ ਬਾਅਦ ਝੋਨੇ ਦੀ ਲੁਆਈ ਤਕ ਲਗਭਗ 2 ਮਹੀਨਿਆਂ ਦੇ ਸਮੇਂ ਦੌਰਾਨ ਹਲਕੇ ਮੀਂਹ ਛਿੱਟ-ਕਣੀ ਨਾਲ ਖੇਤ ਵਿੱਚ ਬਚਿਆ ਕਣਕ ਦਾ ਨਾੜ ਬੜੀ ਅਸਾਨੀ ਨਾਲ ਗਲ-ਸੜ ਜਾਂਦਾ ਹੈ ਅਤੇ ਜ਼ਮੀਨ ਵਿੱਚ ਕਾਰਬਨ ਜਮ੍ਹਾਂ ਕਰਕੇ ਮੌਲੜ ਦੀ ਮਾਤਰਾ ਵਧਾਉਂਦਾ ਹੈ, ਜਿਸ ਨਾਲ ਧਰਤੀ ਦੇ ਭੌਤਿਕ ਗੁਣਾਂ ਵਿੱਚ ਕਾਫ਼ੀ ਸੁਧਾਰ ਹੁੰਦਾ ਹੈ। ਇਸੇ ਤਰ੍ਹਾਂ ਝੋਨੇ ਦੀ ਪਰਾਲੀ ਦੀ ਜ਼ਮੀਨ ਵਿੱਚ ਹੀ ਸੰਭਾਲ ਬਹੁਤ ਜ਼ਰੂਰੀ ਹੈ। ਕਣਕ ਦੀ ਬਿਜਾਈ ਹੈਪੀ ਸੀਡਰ, ਮਲਚਰ ਉਪਰੰਤ ਉਲਟਾਵੇਂ ਹਲ, ਸੁਪਰ ਸੀਡਰ, ਸਮਾਰਟ ਸੀਡਰ ਅਤੇ ਸਰਫ਼ੇਸ ਸੀਡਿੰਗ ਵਿਧੀ ਜਿੱਥੇ ਖਰਚ ਘਟਾਉਂਦੀ ਹੈ, ਉਥੇ ਨਾਲ ਹੀ ਜ਼ਮੀਨ ਦਾ ਉਪਜਾਊਪਨ ਬਣਾਈ ਰੱਖਣ ਵਿੱਚ ਅਹਿਮ ਯੋਗਦਾਨ ਦਿੰਦੀ ਹੈ।

ਕਿਸਾਨ ਵੀਰਾਂ ਨੂੰ ਕਣਕ ਦੀ ਵਾਢੀ ਤੋਂ ਬਾਅਦ ਗਰਮੀ ਰੁੱਤ ਵਿੱਚ ਮੱਕੀ ਨੂੰ ਵਪਾਰਕ ਪੱਧਰ ਤੇ ਚਾਰੇ ਵਜੋਂ ਲੈਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਪਕਾਵੀਂ ਮੱਕੀ ਨੂੰ ਸਾਉਣੀ ਵਿੱਚ ਸਿਰਫ਼ ਝੋਨੇ ਦੇ ਬਦਲ ਵਜੋਂ ਲਿਆ ਜਾ ਸਕਦਾ ਹੈ, ਜਿਸ ਨਾਲ ਪਾਣੀ ਦੀ ਕੁਝ ਹੱਦ ਤਕ ਬਚਤ ਹੋ ਸਕਦੀ ਹੈ। ਕਈ ਵਾਰੀ ਕਿਸਾਨ ਵੀਰ ਚਾਰੇ ਵਾਲੀ ਮੱਕੀ ਤੋਂ ਬਾਅਦ ਝੋਨੇ ਦੀ ਘੱਟ ਸਮਾਂ ਲੈਣ ਵਾਲੀ ਕਿਸਮ ਦੀ ਲੇਟ ਲੁਆਈ ਕਰਦੇ ਹਨ, ਜਿਸ ਨਾਲ ਵਾਧੂ ਪਾਣੀ ਦੀ ਖਪਤ ਤੋਂ ਇਲਾਵਾ ਝੋਨੇ ਦੀ ਵਾਢੀ ਸਮੇਂ ਵੱਧ ਨਮੀਂ ਕਾਰਨ ਮੰਡੀਕਰਨ ਵਿੱਚ ਦਿੱਕਤ ਆਉਂਦੀ ਹੈ। ਇਸ ਤੋਂ ਇਲਾਵਾ ਅਜਿਹਾ ਕਰਨ ਨਾਲ ਕਣਕ ਦੀ ਬਿਜਾਈ ਵੀ ਪਛੜਦੀ ਹੈ, ਜੋ ਕਣਕ ਦੇ ਝਾੜ ਤੇ ਮਾੜਾ ਅਸਰ ਪਾਉਂਦੀ ਹੈ। ਧਰਤੀ ਹੇਠਲੇ ਪਾਣੀ ਦੇ ਲਗਾਤਾਰ ਹੇਠਾਂ ਜਾਣ ਦੀ ਦਰ ਨੂੰ ਧਿਆਨ ਵਿੱਚ ਰੱਖਦਿਆਂ ਟਿਕਾਊ ਖੇਤੀ ਲਈ ਸਾਉਣੀ ਵਿੱਚ ਵੱਧ ਪਾਣੀ ਲੈਣ ਵਾਲੀਆਂ ਦੋ ਫ਼ਸਲਾਂ (ਮੱਕੀ ਅਤੇ ਝੋਨਾ) ਦੀ ਕਾਸ਼ਤ ਜਲ-ਸਰੋਤਾਂ ਅਤੇ ਧਰਤੀ ਦੇ ਉਪਜਾਊਪਨ ਤੇ ਮਾੜਾ ਅਸਰ ਪਾ ਰਹੀ ਹੈ। ਅਜਿਹਾ ਕਰਨ ਨਾਲ ਨਾਈਟ੍ਰੋਜਨ (ਯੂਰੀਆ) ਖਾਦ ਦੀ ਖਪਤ ਵਿੱਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

**ਕਣਕ ਦੀ ਵਾਢੀ ਤੋਂ ਬਾਅਦ ਝੋਨੇ ਦੀ ਲੁਆਈ ਤੱਕ ਖੇਤ ਖਾਲੀ ਹੀ ਪਏ ਰਹਿੰਦੇ ਹਨ। ਇਸ ਸਮੇਂ ਵਧੇਰੇ ਤਾਪਮਾਨ ਕਾਰਨ ਜ਼ਮੀਨ ਵਿਚਲਾ ਜੈਵਿਕ ਮਾਦਾ ਨਸ਼ਟ ਹੋ ਜਾਂਦਾ ਹੈ। ਜੇਕਰ ਇਸ ਸਮੇਂ ਦੌਰਾਨ ਹਰੀ ਖਾਦ ਵਾਲੀ ਫ਼ਸਲ ਖੇਤ ਵਿੱਚ ਬੀਜੀ ਜਾਵੇ ਅਤੇ ਦਬਾਈ ਜਾਵੇ ਤਾਂ**



**ਜ਼ਮੀਨ ਦੀ ਸਿਹਤ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਜ਼ਮੀਨ ਵਿੱਚ ਹਰੀ ਖਾਦ ਦਬਾਉਣ ਨਾਲ, ਇਸ ਤੋਂ ਬਾਅਦ ਬੀਜੀ ਜਾਣ ਵਾਲੀ ਫ਼ਸਲ ਨੂੰ ਨਾਈਟ੍ਰੋਜਨ ਖਾਦ ਦੀ ਲੋੜ ਵੀ ਕਾਫ਼ੀ ਘੱਟ ਜਾਂਦੀ ਹੈ। ਹਰੀਆਂ ਖਾਦਾਂ ਮੁੱਖ ਤੌਰ ਤੇ ਜ਼ਮੀਨ ਵਿੱਚ ਨਾਈਟ੍ਰੋਜਨ ਜਮਾਂ ਕਰਦੀਆਂ ਹਨ ਅਤੇ ਬਾਕੀ ਤੱਤ ਜਿਵੇਂ ਫ਼ਾਸਫੋਰਸ, ਪੋਟਾਸ਼ ਅਤੇ ਲੋਹਾ ਆਦਿ ਦੀ ਫ਼ਸਲਾਂ ਨੂੰ ਉਪਲਬਧਤਾ ਨੂੰ ਵਧਾਉਂਦੀਆਂ ਹਨ।**

ਕਣਕ ਦੀ ਵਾਢੀ ਤੋਂ ਬਾਅਦ ਝੋਨੇ ਦੀ ਲੁਆਈ ਤੱਕ ਖੇਤ ਖਾਲੀ ਹੀ ਪਏ ਰਹਿੰਦੇ ਹਨ। ਇਸ ਸਮੇਂ ਵਧੇਰੇ ਤਾਪਮਾਨ ਕਾਰਨ ਜ਼ਮੀਨ ਵਿਚਲਾ ਜੈਵਿਕ ਮਾਦਾ ਨਸ਼ਟ ਹੋ ਜਾਂਦਾ ਹੈ। ਜੇਕਰ ਇਸ ਸਮੇਂ ਦੌਰਾਨ ਹਰੀ ਖਾਦ ਵਾਲੀ ਫ਼ਸਲ ਖੇਤ ਵਿੱਚ ਬੀਜੀ ਜਾਵੇ ਅਤੇ ਦਬਾਈ ਜਾਵੇ ਤਾਂ ਜ਼ਮੀਨ ਦੀ ਸਿਹਤ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਜ਼ਮੀਨ ਵਿੱਚ ਹਰੀ ਖਾਦ ਦਬਾਉਣ ਨਾਲ, ਇਸ ਤੋਂ ਬਾਅਦ ਬੀਜੀ ਜਾਣ ਵਾਲੀ ਫ਼ਸਲ ਨੂੰ ਨਾਈਟ੍ਰੋਜਨ ਖਾਦ ਦੀ ਲੋੜ ਵੀ ਕਾਫ਼ੀ ਘੱਟ ਜਾਂਦੀ ਹੈ। ਹਰੀਆਂ ਖਾਦਾਂ ਮੁੱਖ ਤੌਰ ਤੇ ਜ਼ਮੀਨ ਵਿੱਚ ਨਾਈਟ੍ਰੋਜਨ ਜਮਾਂ ਕਰਦੀਆਂ ਹਨ ਅਤੇ ਬਾਕੀ ਤੱਤ ਜਿਵੇਂ ਫ਼ਾਸਫੋਰਸ, ਪੋਟਾਸ਼ ਅਤੇ ਲੋਹਾ ਆਦਿ ਦੀ ਫ਼ਸਲਾਂ ਨੂੰ ਉਪਲਬਧਤਾ ਨੂੰ ਵਧਾਉਂਦੀਆਂ ਹਨ। ਇਸ ਨਾਲ ਜ਼ਮੀਨ ਵਿੱਚ ਜੈਵਿਕ ਮਾਦੇ ਦਾ ਪੱਧਰ ਵਧਦਾ ਹੈ ਅਤੇ ਜ਼ਮੀਨ ਦੀ ਸਿਹਤ ਵਿੱਚ ਸੁਧਾਰ ਹੁੰਦਾ ਹੈ। ਇਸ ਦੀ ਲਗਾਤਾਰ ਵਰਤੋਂ ਨਾਲ ਜ਼ਮੀਨ ਦੇ ਭੌਤਿਕ, ਰਸਾਇਣਕ ਅਤੇ ਜੀਵਕ ਗੁਣਾਂ ਵਿੱਚ ਸੁਧਾਰ ਹੁੰਦਾ ਹੈ ਅਤੇ ਸੂਖਮਜੀਵਾਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋਣ ਕਾਰਨ ਖੁਰਾਕੀ ਤੱਤਾਂ ਦੀ ਉਪਲਬਧਤਾ ਵੀ ਵਧਦੀ ਹੈ। ਹਰੀ ਖਾਦ ਨਾਲ ਜ਼ਮੀਨ ਵਿੱਚ ਹਵਾ ਅਤੇ ਪਾਣੀ ਦਾ ਸੰਚਾਰ ਵੀ ਸਹੀ ਢੰਗ ਨਾਲ ਹੁੰਦਾ ਹੈ ਅਤੇ ਜ਼ਮੀਨ ਦੀ ਪਾਣੀ ਨੂੰ ਸੰਭਾਲ ਕੇ ਰੱਖਣ ਦੀ ਸ਼ਕਤੀ ਵੀ ਵਧਦੀ ਹੈ। ਇਹ ਜ਼ਮੀਨ ਦੀ ਉਪਰਲੀ ਉਪਜਾਊ ਤਹਿ ਦਾ ਹਵਾ ਅਤੇ ਪਾਣੀ ਨਾਲ ਰੁੜ੍ਹ ਜਾਣ ਨੂੰ ਵੀ ਰੋਕਦੀ ਹੈ। ਝੋਨੇ ਦੀ ਲੁਆਈ ਤੋਂ ਇੱਕ ਦਿਨ ਪਹਿਲਾਂ ਢੈਂਚਾ/ਸਣ ਜਾਂ ਰਵਾਂਹ ਦੀ 6-8 ਹਫ਼ਤਿਆਂ ਦੀ ਫ਼ਸਲ ਜ਼ਮੀਨ ਵਿੱਚ ਦਬਾਉਣ ਨਾਲ ਝੋਨੇ ਵਿੱਚ 50% ਤੱਕ ਨਾਈਟ੍ਰੋਜਨ (55 ਕਿੱਲੋ ਯੂਰੀਆ/ਏਕੜ) ਦੀ ਬਚਤ ਕੀਤੀ ਜਾ ਸਕਦੀ ਹੈ। ਹਰ ਸਾਲ ਜ਼ਮੀਨ ਵਿੱਚ ਢੈਂਚੇ ਦੀ 6-8 ਹਫ਼ਤਿਆਂ ਦੀ ਫ਼ਸਲ ਦਬਾਉਣ ਨਾਲ ਝੋਨੇ ਵਿੱਚ ਲੋਹੇ ਦੀ ਘਾਟ ਵੀ ਨਹੀਂ ਆਉਂਦੀ।

ਦਾਲਾਂ ਮਨੁੱਖੀ ਅਤੇ ਜ਼ਮੀਨ ਦੀ ਚੰਗੀ ਸਿਹਤ ਲਈ ਬਹੁਤ ਜ਼ਰੂਰੀ ਹਨ। ਜਿੱਥੇ ਇਹ ਪ੍ਰੋਟੀਨ ਦਾ ਇੱਕ ਚੰਗਾ ਸੋਮਾ ਹਨ, ਉੱਥੇ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਅਨਾਜ ਦੀ ਤੁਲਨਾ ਵਿੱਚ ਦਾਲਾਂ, ਪ੍ਰੋਟੀਨ ਅਤੇ ਹੋਰ ਜ਼ਰੂਰੀ ਤੱਤਾਂ ਨਾਲ ਵਧੇਰੇ ਭਰਪੂਰ ਹੁੰਦੀਆਂ ਹਨ। ਇਹਨਾਂ ਫ਼ਸਲਾਂ ਦੀਆਂ ਜੜ੍ਹਾਂ ਦੀਆਂ ਗੰਢਾਂ ਵਿੱਚ ਮੌਜੂਦ ਰਾਈਜ਼ੋਬੀਅਮ ਬੈਕਟੀਰੀਆ, ਵਾਤਾਵਰਨ ਵਿੱਚ ਮੌਜੂਦ ਨਾਈਟ੍ਰੋਜਨ ਨੂੰ ਗੰਢਾਂ ਵਿੱਚ ਇਕੱਤਰ ਕਰਕੇ ਸਿਰਫ਼ ਆਪਣੀਆਂ ਹੀ ਨਾਈਟ੍ਰੋਜਨ ਲੋੜਾਂ ਪੂਰੀਆਂ ਨਹੀਂ ਕਰਦੇ ਸਗੋਂ ਇਹਨਾਂ ਫ਼ਸਲਾਂ ਦੀ ਵਾਢੀ ਮਗਰੋਂ ਬੀਜੀਆਂ ਜਾਣ ਵਾਲੀਆਂ ਫ਼ਸਲਾਂ ਲਈ ਵੀ ਕਾਫ਼ੀ ਨਾਈਟ੍ਰੋਜਨ ਜਮਾਂ ਕਰ ਦਿੰਦਾ ਹੈ। ਇੰਨਾ ਹੀ ਨਹੀਂ, ਸਗੋਂ ਕਣਕ ਦੀ ਵਾਢੀ ਅਤੇ ਝੋਨੇ ਦੀ ਲੁਆਈ ਵਿਚਲੇ ਸਮੇਂ ਦੌਰਾਨ ਗਰਮੀ ਰੁੱਤ ਦੀ ਮੂੰਗੀ ਦੀ ਕਾਸ਼ਤ ਸਦਕਾ ਇੱਕ ਵਾਧੂ ਫ਼ਸਲ ਤੋਂ ਚੰਗਾ ਮੁਨਾਫ਼ਾ ਕਮਾਇਆ ਜਾ ਸਕਦਾ ਹੈ।

ਪੰਜਾਬ ਦੇ ਦੱਖਣ-ਪੱਛਮੀ ਹਿੱਸੇ ਵਿੱਚ ਧਰਤੀ ਹੇਠਲੇ ਮਾੜੇ ਪਾਣੀ ਨੂੰ ਧਿਆਨ ਵਿੱਚ ਰੱਖਦਿਆਂ, ਇਸ ਖੇਤਰ ਵਿੱਚ ਝੋਨੇ ਦੀਆਂ ਘੱਟ ਪਾਣੀ ਲੈਣ ਵਾਲੀਆਂ ਕਿਸਮਾਂ ਦੀ ਕਾਸ਼ਤ ਨੂੰ ਤਰਜੀਹ ਦੇਣੀ ਚਾਹੀਦੀ ਹੈ। ਪੰਜਾਬ ਵਿੱਚ ਮਾਨਸੂਨ ਸੀਜ਼ਨ ਦੌਰਾਨ, ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਲੁਆਈ ਧਰਤੀ ਹੇਠਲੇ ਮਾੜੇ ਪਾਣੀ ਤੇ ਨਿਰਭਰਤਾ ਘਟਾਉਂਦੀ ਹੈ। ਜਿਸ ਨਾਲ ਜ਼ਮੀਨ ਦੀ ਭੌਤਿਕ ਸਿਹਤ ਉੱਤੇ ਮਾੜੇ ਪਾਣੀਆਂ ਦਾ ਅਸਰ ਘੱਟ ਜਾਂਦਾ ਹੈ।

ਜ਼ਮੀਨ ਦੀ ਸਿਹਤ ਸੰਭਾਲ ਅਤੇ ਰਸਾਇਣਕ ਖਾਦਾਂ ਦੀ ਸੁਚੱਜੀ ਵਰਤੋਂ ਲਈ ਮਿੱਟੀ ਪਰਖ ਬਹੁਤ ਅਹਿਮ ਹੈ। ਆਮ ਤੌਰ ਤੇ ਕਿਸਾਨ ਵੀਰ ਮਿੱਟੀ ਦੀ ਪਰਖ ਕਰਵਾਏ ਬਿਨ੍ਹਾਂ ਹੀ ਕੀਮਤੀ ਰਸਾਇਣਕ ਖਾਦਾਂ ਦੀ ਵਰਤੋਂ ਕਰਦੇ ਹਨ। ਹਰ ਫ਼ਸਲ ਦੀ ਖ਼ੁਰਾਕੀ ਤੱਤਾਂ ਦੀ ਲੋੜ ਵੱਖੋ-ਵੱਖਰੀ ਹੁੰਦੀ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਮਿੱਟੀ ਦੀ ਵੱਡੇ ਅਤੇ ਸੂਖਮ ਖੁਰਾਕੀ ਤੱਤਾਂ ਦੀ ਉਪਲਬਧਤਾ ਲਈ ਪਰਖ ਕਰਵਾਈ ਜਾਵੇ, ਤਾਂ ਜੋ ਮਿੱਟੀ ਪਰਖ ਅਧਾਰ ਤੇ ਰਸਾਇਣਕ ਖਾਦਾਂ ਦੀ ਸੁਚੱਜੀ ਅਤੇ ਸੰਤੁਲਿਤ ਵਰਤੋਂ ਕੀਤੀ ਜਾ ਸਕੇ। ਮਿੱਟੀ ਪਰਖ ਦੀ ਸਫ਼ਲਤਾ ਸਹੀ ਢੰਗ ਨਾਲ ਲਏ ਗਏ ਨਮੂਨੇ ਤੇ ਹੀ ਨਿਰਭਰ ਕਰਦੀ ਹੈ ਕਿਉਂਕਿ ਪ੍ਰਯੋਗਸ਼ਾਲਾ ਵਿੱਚ ਕੁਝ ਕੁ ਹੀ ਗ੍ਰਾਮ ਮਿੱਟੀ ਦੇ ਨਮੂਨੇ ਦੇ ਅਧਾਰ ਤੇ ਖੇਤ ਲਈ ਰਸਾਇਣਕ ਖਾਦਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਮਿੱਟੀ ਦਾ ਨਮੂਨਾ ਸਾਰੇ ਖੇਤ ਦੀ ਪ੍ਰਤੀਨਿਧਤਾ ਕਰਦਾ ਹੋਵੇ। ਖਾਦਾਂ ਦੀ ਸਿਫ਼ਾਰਸ਼ ਲਈ ਨਮੂਨਾ ਖੁਰਪੇ ਦੀ ਮਦਦ ਨਾਲ ਜ਼ਮੀਨ ਦੀ ਉਪਰਲੀ 6 ਇੰਚ ਪਰਤ ਤੋਂ ਲੈਣਾ ਚਾਹੀਦਾ ਹੈ। ਮਿੱਟੀ ਪਰਖ ਲਈ ਕਿਸਾਨ ਵੀਰ ਪੀ. ਏ. ਯੂ., ਲੁਧਿਆਣਾ ਵੱਲੋਂ ਸਥਾਪਤ ਕ੍ਰਿਸ਼ੀ ਵਿਗਿਆਨ ਕੇਂਦਰਾਂ ਜਾਂ ਖੇਤਰੀ ਖੋਜ ਕੇਂਦਰਾਂ ਨਾਲ ਸੰਪਰਕ ਕਰ ਸਕਦੇ ਹਨ।

## ਬਦਲਦੇ ਜਲਵਾਯੂ ਦਾ ਖਮਿਆਜ਼ਾ ਭੁਗਤ ਰਹੀ ਧਰਤੀ

### ★ ਸੁੱਕ ਰਹੇ ਖੇਤ, ਡੁੱਬ ਰਹੇ ਸ਼ਹਿਰ ★ ਅਪ੍ਰੈਲ ਰਿਹਾ ਤੀਜਾ ਸਭ ਤੋਂ ਗਰਮ ਮਹੀਨਾ




ਧਰਤੀ ਤਾਪਮਾਨ ਵਧਣ ਨਾਲ ਲਗਾਤਾਰ ਗਰਮੀ ਵਿੱਚ ਸੜ ਰਹੀ ਹੈ। ਅਪ੍ਰੈਲ 2026 ਵਿੱਚ ਦੁਨੀਆਂ ਨੇ ਇੱਕੋ ਸਮੇਂ ਕਈ ਜਲਵਾਯੂ ਆਫਤਾਂ ਦਾ ਸਾਹਮਣਾ ਕੀਤਾ, ਜਿਸ ਵਿੱਚ ਅਰਬ ਦੇਸ਼ਾਂ ਵਿੱਚ ਅਚਾਨਕ ਹੜ੍ਹਾਂ ਨੇ ਜਾਨਾਂ ਲਈਆਂ। ਦੱਖਣੀ ਅਫਰੀਕਾ ਸੋਕੇ ਦਾ ਸਾਹਮਣਾ ਕਰਦਾ ਰਿਹਾ, ਐਨ-ਨੀਨੋ ਕਾਰਨ ਸਮੁੰਦਰ ਅਸਾਧਾਰਨ ਤੌਰ ’ਤੇ ਗਰਮ ਹੋਏ ਅਤੇ ਆਰਕਟਿਕ ਬਰਫ ਤੇਜ਼ੀ ਨਾਲ ਪਿਘਲ ਰਹੀ ਹੈ। ਸੱਚਾਈ ਇਹ ਹੈ ਕਿ ਆਮ ਲੋਕ ਹੁਣ ਧਰਤੀ ’ਤੇ ਬਦਲਦੇ ਜਲਵਾਯੂ ਦਾ ਖਮਿਆਜ਼ਾ ਭੁਗਤ ਰਹੇ ਹਨ। ਕਿਸਾਨ ਸੋਕੇ ਦਾ ਸਾਹਮਣਾ ਕਰ ਰਹੇ ਹਨ, ਸ਼ਹਿਰ ਹੜ੍ਹਾਂ ਨਾਲ ਡੁੱਬ ਰਹੇ ਹਨ ਅਤੇ ਲੱਖਾਂ ਲੋਕ ਅਸਾਧਾਰਨ ਗਰਮੀ ਵਿੱਚ ਰਹਿਣ ਲਈ ਮਜ਼ਬੂਰ ਹਨ। ਅਪ੍ਰੈਲ 2026 ਲਈ ਨਵੀਨਤਮ ਜਲਵਾਯੂ ਅੰਕੜੇ ਦਰਸਾਉਂਦੇ ਹਨ ਕਿ ਇਹ ਸੰਕਟ ਹਰ ਬੀਤਦੇ ਸਾਲ ਦੇ ਨਾਲ ਡੂੰਘਾ ਹੁੰਦਾ ਜਾ ਰਿਹਾ ਹੈ। ਯੂਰਪੀਅਨ ਜਲਵਾਯੂ ਏਜੰਸੀ, ਕੋਪਰਨਿਕਸ ਜਲਵਾਯੂ ਪ੍ਰੀਵਰਤਨ ਸੇਵਾ ਨੇ ਆਪਣੇ ਤਾਜ਼ਾ ਅੰਕੜਿਆਂ ਵਿੱਚ ਪ੍ਰਗਟਾਵਾ ਕੀਤਾ ਹੈ ਕਿ ਪਿਛਲਾ ਮਹੀਨਾ ਵਿਸ਼ਵ ਪੱਧਰ ’ਤੇ ਰਿਕਾਰਡ ਕੀਤਾ ਗਿਆ। ਤੀਜਾ ਸਭ ਤੋਂ ਗਰਮ ਅਪ੍ਰੈਲ ਦਾ ਮਹੀਨਾ ਸੀ। ਕੋਪਰਨਿਕਸ ਦੁਆਰਾ ਸਾਂਝੇ ਕੀਤੇ ਗਏ ਅੰਕੜਿਆਂ ਅਨੁਸਾਰ ਅਪ੍ਰੈਲ 2026 ਵਿੱਚ ਵਿਸ਼ਵ ਪੱਧਰ ’ਤੇ ਔਸਤ ਸੱਤਾ ਦਾ ਤਾਪਮਾਨ 14.89 ਡਿਗਰੀ ਸੈਲਸੀਅਸ ਸੀ, ਜੋ ਕਿ 1991-2000 ਤੱਕ ਦੇ ਔਸਤ ਨਾਲੋਂ 0.52 ਡਿਗਰੀ ਸੈਲਸੀਅਸ ਵੱਧ ਹੈ। ਪੂਰਵ-ਉਦਯੋਗਿਕ ਯੁੱਗ (1850-1900) ਦੇ ਅੰਕੜਿਆਂ ਦੀ ਤੁਲਨਾ ਵਿੱਚ, ਪਿਛਲੇ ਮਹੀਨੇ ਦਾ ਤਾਪਮਾਨ ਆਮ ਨਾਲੋਂ 1.43 ਡਿਗਰੀ ਸੈਲਸੀਅਸ ਵੱਧ ਸੀ। ਜ਼ਿਕਰਯੋਗ ਹੈ ਕਿ ਅਪ੍ਰੈਲ 2020 ਵਿੱਚ ਵੀ ਇਹੀ ਤਾਪਮਾਨ ਦਰਜ ਕੀਤਾ ਗਿਆ ਸੀ। ਧਿਆਨਦੇਣ ਯੋਗ ਹੈ ਕਿ ਪੈਰਿਸ ਸਮਝੌਤੇ ਤਹਿਤ, ਦੁਨੀਆਂ ਨੇ ਤਾਪਮਾਨ ਵਿੱਚ ਵਾਧੇ ਨੂੰ 1.5 ਡਿਗਰੀ ਸੈਲਸੀਅਸ ਤੱਕ ਸੀਮਤ ਕਰਨ ਦਾ ਟੀਚਾ ਰੱਖਿਆ ਹੈ। ਹਾਲਾਂਕਿ, ਜਿਸ ਦਰ ਨਾਲ ਵਿਸ਼ਵ ਪੱਧਰ ’ਤੇ ਤਾਪਮਾਨ ਵੱਧ ਰਿਹਾ ਹੈ, ਉਸ ਨੂੰ ਦੇਖਦੇ ਹੋਏ, ਅਜਿਹਾ ਲੱਗਦਾ ਹੈ ਕਿ ਗਰਮੀ ਜਲਦ ਹੀ ਲਕਸ਼ਮਣ ਰੇਖਾ ਨੂੰ ਪਾਰ ਕਰ ਜਾਵੇਗੀ। ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਹੁਣ ਤੱਕ ਦਾ ਸਭ ਤੋਂ ਗਰਮ ਅਪ੍ਰੈਲ 2024 ਵਿੱਚ ਦਰਜ ਕੀਤਾ ਗਿਆ ਸੀ, ਜਦੋਂ ਔਸਤ ਸੱਤਾ ਦਾ ਤਾਪਮਾਨ ਪੂਰਵ-ਉਦਯੋਗਿਕ ਯੁੱਗ ਨਾਲੋਂ 1.58 ਡਿਗਰੀ ਸੈਲਸੀਅਸ ਵੱਧ ਸੀ। ਰਿਕਾਰਡ ’ਤੇ ਦੂਜਾ ਸਭ ਤੋਂ ਗਰਮ ਅਪ੍ਰੈਲ 2025 ਵਿੱਚ ਦਰਜ ਕੀਤਾ ਗਿਆ ਹੈ, ਜਦੋਂ ਤਾਪਮਾਨ ਆਮ ਨਾਲੋਂ 1.51 ਡਿਗਰੀ ਸੈਲਸੀਅਸ ਵੱਧ ਸੀ। ਇਹ ਸਿਰਫ ਵਧਦੇ ਤਾਪਮਾਨ ਬਾਰੇ ਨਹੀਂ ਹੈ, ਸਗੋਂ ਉਨ੍ਹਾਂ ਲੱਖਾਂ ਜਾਨਾਂ ਬਾਰੇ ਹੈ, ਜੋ ਇਨ੍ਹਾਂ ਵਧਦੇ ਤਾਪਮਾਨ ਅਤੇ ਅਤਿਅੰਤ ਗਰਮੀ ਵਾਲੇ ਮੌਸਮ ਦਾ ਸ਼ਿਕਾਰ ਹੋ ਰਹੀਆਂ ਹਨ। ਵਿਗਿਆਨੀ ਚੇਤਾਵਨੀ ਦੇ ਰਹੇ ਹਨ ਕਿ ਇਹ ਸਿਰਫ ਮੌਸਮ ਵਿੱਚ ਤਬਦੀਲੀ ਨਹੀਂ ਹੈ, ਸਗੋਂ ਇੱਕ ਜਲਵਾਯੂ ਐਮਰਜੈਂਸੀ ਦਾ ਸੰਕੇਤ ਹੈ, ਜੋ ਹੁਣ ਲੋਕਾਂ ਦੇ ਜੀਵਨ, ਭੋਜਨ, ਪਾਣੀ ਅਤੇ ਭਵਿੱਖ ਨੂੰ ਸਿੱਧੇ ਤੌਰ ’ਤੇ ਪ੍ਰਭਾਵਿਤ ਕਰ ਰਹੀ ਹੈ। ਗਰਮੀ ਦੇ ਇਸ ਦੌਰ ਵਿੱਚ ਸਮੁੰਦਰਾਂ ਦੀ ਸਥਿਤੀ ਵੀ ਚਿੰਤਾਜਨਕ ਹੈ। ਰਿਪੋਰਟ ਵਿੱਚ ਪ੍ਰਗਟਾਵਾ ਹੋਇਆ ਹੈ ਕਿ ਅਪ੍ਰੈਲ 2026 ਵਿੱਚ ਔਸਤ ਸਮੁੰਦਰ ਦੀ ਸੱਤਾ ਦਾ ਤਾਪਮਾਨ ਵੀ ਰਿਕਾਰਡ ਉੱਚਾਈ ’ਤੇ ਪਹੁੰਚ ਗਿਆ ਸੀ। ਔਸਤ ਸਮੁੰਦਰ ਦੀ ਸੱਤਾ ਦਾ ਤਾਪਮਾਨ 21 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਸੀ, ਜੋ ਅਪ੍ਰੈਲ ਮਹੀਨੇ ਲਈ ਹੁਣ ਤੱਕ ਦਾ ਦੂਜਾ ਸਭ ਤੋਂ ਉੱਚਾ ਪੱਧਰ ਹੈ। ਵਿਗਿਆਨੀਆਂ ਅਨੁਸਾਰ, ਆਉਣ ਵਾਲੇ ਮਹੀਨਿਆਂ ਵਿੱਚ ਐਲ ਨੀਨੋ ਦੀਆਂ ਸਥਿਤੀਆਂ ਵਿਕਸਿਤ ਹੋ ਸਕਦੀਆਂ ਹਨ। ਇਸ ਦੇ ਸੰਕੇਤ ਪਹਿਲਾਂ ਹੀ ਪ੍ਰਸ਼ਾਂਤ ਮਹਾਸਾਗਰ ਵਿੱਚ ਦਿਖਾਈ ਦੇ ਰਹੇ ਹਨ, ਜਿੱਥੇ ਸਮੁੰਦਰੀ ਗਰਮੀ ਦੀਆਂ ਲਹਿਰਾਂ ਤੇਜ਼ੀ ਨਾਲ ਵੱਧ ਰਹੀਆਂ ਹਨ। ਮੱਧ ਪ੍ਰਸ਼ਾਂਤ ਤੋਂ ਸੰਯੁਕਤ ਰਾਜ ਅਮਰੀਕਾ ਅਤੇ ਮੈਕਸੀਕੋ ਦੇ ਪੱਛਮੀ ਤੱਟ ਤੱਕ ਸਮੁੰਦਰ ਦਾ ਤਾਪਮਾਨ ਰਿਕਾਰਡ ਪੱਧਰ ’ਤੇ ਪਹੁੰਚ ਗਿਆ ਹੈ। ਅਪ੍ਰੈਲ 2026 ਵੀ ਯੂਰਪ ਲਈ ਚੁਣੌਤੀਆਂ ਨਾਲ ਭਰਿਆ ਰਿਹਾ। ਇਸ ਸਮੇਂ ਦੌਰਾਨ ਔਸਤ ਤਾਪਮਾਨ ਆਮ ਨਾਲੋਂ 0.5 ਡਿਗਰੀ ਸੈਲਸੀਅਸ ਵੱਧ ਸੀ, ਜਿਸ ਨਾਲ ਇਹ ਰਿਕਾਰਡ ’ਤੇ ਦਸਵਾਂ ਸਭ ਤੋਂ ਗਰਮ ਅਪ੍ਰੈਲ ਬਣ ਗਿਆ। ਯੂਰਪ ਵਿੱਚ ਹੁਣ ਤੱਕ ਦਾ ਸਭ ਤੋਂ ਗਰਮ ਅਪ੍ਰੈਲ 2018 ਵਿੱਚ ਦਰਜ ਕੀਤਾ ਗਿਆ ਸੀ।

# ਹਾਈਡ੍ਰੋਪੋਨਿਕ ਚਾਰਾ ਉਤਪਾਦਨ – ਇੱਕ ਲਾਭਦਾਇਕ ਤਕਨੀਕ



**ਹਾਈਡ੍ਰੋਪੋਨਿਕ ਜਾਂ ਜਲ ਕ੍ਰਿਸ਼ੀ ਸ਼ਬਦ ਗ੍ਰੀਕ ਸ਼ਬਦ ਤੋਂ ਲਿਆ ਗਿਆ ਹੈ ਜਿਸਦਾ ਮਤਲਬ ਹੈ ਪਾਣੀ ਵਿੱਚ ਕੰਮ ਕਰਨਾ, ਇਸ ਲਈ ਇਸ ਤਕਨੀਕ ਵਿੱਚ ਪੌਦਿਆਂ ਨੂੰ ਬਿਨ੍ਹਾਂ ਮਿੱਟੀ ਦੇ ਸਿਰਫ ਖਣਿਜ ਘੋਲ ਵਾਲੇ ਪਾਣੀ ਵਿੱਚ ਉਗਾਇਆ ਜਾਂਦਾ ਹੈ। ਇਸ ਵਿੱਚ ਕੀਤੀ ਜਾਣ ਵਾਲੀ ਕ੍ਰਿਸ਼ੀ ਨਿਯੰਤ੍ਰਿਤ ਵਾਤਾਵਰਣ ਵਿੱਚ ਹੁੰਦੀ ਹੈ, ਜਿਸਨੂੰ ਗ੍ਰੀਨ ਹਾਊਸ ਕਹਿੰਦੇ ਹਨ।**

**ਮਧੂ ਸ਼ੈਲੀ,**
**ਕੇ. ਵੀ. ਕੇ., ਸ੍ਰੀ ਮੁਕਤਸਰ ਸਾਹਿਬ**
**ਮੋ. 96434-42427**

ਭਾਰਤ ਵਿੱਚ ਪਸ਼ੂਧਨ ਦੀ ਗਿਣਤੀ ਸੰਸਾਰ ਵਿੱਚ ਸਭ ਤੋਂ ਜ਼ਿਆਦਾ ਹੈ। ਇੱਥੇ 299.9 ਮਿਲੀਅਨ ਬੋਵਾਈਨ, 65.06 ਮਿਲੀਅਨ ਭੇਡਾਂ, 135.17 ਮਿਲੀਅਨ ਬੱਕਰੀਆਂ, 0.62 ਮਿਲੀਅਨ ਘੋੜੇ, 0.4 ਮਿਲੀਅਨ ਊਠ ਅਤੇ 729.2 ਮਿਲੀਅਨ ਪੋਲਟਰੀ ਹੈ ਜੋ ਕਿ ਰਾਸ਼ਟਰੀ ਅਰਥ ਵਿਵਸਥਾ ਅਤੇ ਲੋਕਾਂ ਦੇ ਨਿਰਵਾਹ ਦਾ ਇੱਕ ਮੁੱਖ ਹਿੱਸਾ ਹੈ। ਸਾਡੇ ਦੇਸ਼ ਵਿੱਚ ਸਭ ਤੋਂ ਜ਼ਿਆਦਾ ਪਸ਼ੂਆਂ ਦੀ ਗਿਣਤੀ ਹੋਣ ਦੇ ਬਾਵਜੂਦ ਪਸ਼ੂ ਉਤਪਾਦਕਤਾ ਨੂੰ ਵਧਾਉਣਾ ਇਕ ਵੱਡੀ ਚੁਨੌਤੀ ਹੈ। ਭਾਰਤ ਵਿੱਚ ਦੁਧਾਰੂ ਪਸ਼ੂਆਂ ਦਾ ਔਸਤਨ ਦੁੱਧ ਉਤਪਾਦਨ 1172 ਕਿਲੋਗ੍ਰਾਮ ਪ੍ਰਤੀ ਸਾਲ ਪ੍ਰਤੀ ਪਸ਼ੂ ਹੈ ਜੋ ਕਿ ਸੰਸਾਰ ਦੇ ਔਸਤਨ ਦੁੱਧ ਉਤਪਾਦਨ ਤੋਂ ਕਾਫੀ ਘੱਟ ਹੈ, ਇਸਦਾ ਮੁੱਖ ਕਾਰਨ ਸੰਸਾਰ ਵਿੱਚ ਹਰੇ ਚਾਰੇ ਅਤੇ ਸੁੱਕੇ ਚਾਰੇ ਦੀ ਘਾਟ ਹੈ। ਅੱਜ ਦੇ ਸਮੇਂ ਵਿੱਚ ਸਾਡਾ ਦੇਸ਼ 61.1 ਪ੍ਰਤੀਸ਼ਤ ਹਰਾ ਚਾਰਾ, 21.9 ਪ੍ਰਤੀਸ਼ਤ ਸੁੱਕੀ ਫਸਲ ਦੀ ਰਹਿੰਦ ਖੂੰਹਦ ਅਤੇ 64 ਪ੍ਰਤੀਸ਼ਤ ਫੀਡ ਦੀ ਘਾਟ ਨਾਲ ਲੜ ਰਿਹਾ ਹੈ। ਕ੍ਰਿਸ਼ੀ ਤੋਂ ਮਿਲਣ ਵਾਲੀ ਫਸਲ ਰਹਿੰਦ ਖੂੰਹਦ ਜਿਵੇਂ ਕਿ ਭੂਸਾ, ਕੜਬੀ ਆਦਿ ਘਣਤਾ ਵਾਲੇ ਰੇਸ਼ੇ ਹੁੰਦੇ ਹਨ। ਇਨ੍ਹਾਂ ਵਿੱਚ ਪ੍ਰੋਟੀਨ, ਘੁਲਣਸ਼ੀਲ ਕਾਰਬੋਹਾਈਡ੍ਰੇਟ, ਖਣਿਜ ਅਤੇ ਵਿਟਾਮਿਨ ਘੱਟ ਮਾਤਰਾ ਵਿਚ ਮਿਲਦੇ ਹਨ। ਗੁਣਵੱਤਾ ਅਤੇ ਮਾਤਰਾ ਦੋਨੋਂ ਮਾਪਦੰਡਾਂ ਦੇ ਹਿਸਾਬ ਨਾਲ ਦੇਸ਼ ਵਿੱਚ ਫੀਡ ਦੀ ਘਾਟ ਹੈ ਜੋ ਕਿ ਪਸ਼ੂਧਨ ਵਿਕਾਸ ਦੇ ਵਿਚ ਇਕ ਮੁੱਖ ਅੜਚਨ ਹੈ।

ਅੱਜ ਦੇ ਸਮੇਂ ਵਿੱਚ ਦੁਧਾਰੂ ਪਸ਼ੂਆਂ ਨੂੰ ਜੇ ਲੋੜ ਮੁਤਾਬਿਕ ਸੰਤੁਲਿਤ ਖੁਰਾਕ ਦੇਣੀ ਹੈ ਤਾਂ ਸਾਰਾ ਸਾਲ ਉੱਤਮ ਗੁਣਵੱਤਾ ਵਾਲੇ ਹਰੇ ਚਾਰੇ ਦਾ ਉਤਪਾਦਨ ਕਰਨਾ ਹੋਵੇਗਾ। ਇਸ ਸਮੱਸਿਆ ਦਾ ਕਾਰਣ ਪਸ਼ੂਪਾਲਕਾਂ ਨੂੰ ਹਰਾ ਚਾਰਾ ਉਤਪਾਦਨ ਦੀ ਵਧੀਆ ਵਿਧੀ ਦੀ ਲੋੜ ਹੈ। ਇਹ ਬਹੁਤ ਹੀ ਸਾਫ ਹੈ ਕਿ ਲਾਗਤ ਵਿੱਚ ਵਾਧਾ ਅਤੇ ਕੁਦਰਤੀ ਸੋਮਿਆਂ ਨੂੰ ਘੱਟ ਕਰਨ ਦੇ ਲਈ ਟਿਕਾਊ ਤਕਨੀਕ ਹਾਈਡ੍ਰੋਪੋਨਿਕ ਚਾਰਾ ਉਤਪਾਦਨ, ਡੇਅਰੀ ਵਿਵਸਥਾ ਦੇ ਭਵਿੱਖ ਲਈ ਪ੍ਰਮੁੱਖ ਹੈ। ਗ੍ਰੀਨਹਾਊਸ/ਪਾਲੀਹਾਊਸ ਵਿੱਚ ਹਾਈਡ੍ਰੋਪੋਨਿਕ ਚਾਰੇ ਨੂੰ ਪੈਦਾ ਕਰਨਾ ਸਹੀ ਵਿਕਲਪ ਹੈ। ਇਸ ਤਰ੍ਹਾਂ ਉਗਾਇਆ ਹਰਾ ਚਾਰਾ ਭੇਡ, ਬੱਕਰੀ ਤੇ ਹੋਰ ਪਸ਼ੂਆਂ ਨੂੰ ਖਵਾਇਆ ਜਾ ਸਕਦਾ ਹੈ।

**ਹਾਈਡ੍ਰੋਪੋਨਿਕ ਚਾਰਾ ਉਤਪਾਦਨ ਦੀ ਲੋੜ :**

1. ਹਰਾ ਚਾਰਾ ਉਤਪਾਦਨ ਦੇ ਲਈ ਉਪਜਾਊ ਜ਼ਮੀਨ ਉਪਲੱਬਧ ਨਾ ਹੋਣਾ।
2. ਸਿੰਚਾਈ ਜ਼ਮੀਨ ਦੀ ਤਿਆਰੀ ਦੇ ਲਈ ਸੀਮਿਤ ਸਾਧਨ ਹੋਣਾ।
3. ਕਈਂ ਖੇਤਰਾਂ ਵਿੱਚ ਚਾਰਾ ਉਤਪਾਦਨ ਲਈ ਸੀਮਿਤ ਜ਼ਮੀਨ ਹੋਣਾ।
4. ਕ੍ਰਿਸ਼ੀ ਕਿਰਿਆਵਾਂ ਲਈ ਜ਼ਿਆਦਾ ਮਜ਼ਦੂਰਾਂ ਦੀ ਲੋੜ।
5. ਅਵਾਰਾ ਅਤੇ ਜੰਗਲੀ ਪਸ਼ੂਆਂ ਦੁਆਰਾ ਚਾਰਾ ਖਰਾਬ ਕਰ ਦੇਣਾ।
6. ਹਰੇ ਚਾਰੇ ਦੀ ਮੰਗ ਜ਼ਿਆਦਾ ਹੋਣਾ।

**ਹਾਈਡ੍ਰੋਪੋਨਿਕ ਕੀ ਹੈ ?** ਇਕੱਲੇ ਪਾਣੀ ਵਿੱਚ ਨਿਯੰਤ੍ਰਿਤ ਜਲਵਾਯੂ ਵਿੱਚ ਬਿਨ੍ਹਾਂ ਮਿੱਟੀ ਦੇ ਪੌਦੇ ਉਗਾਉਣ ਦੀ ਤਕਨੀਕ ਨੂੰ ਹਾਈਡ੍ਰੋਪੋਨਿਕ ਕਿਹਾ ਜਾਂਦਾ ਹੈ। ਹਾਈਡ੍ਰੋਪੋਨਿਕ ਵਿੱਚ ਚਾਰੇ ਵਾਲੀਆਂ ਫਸਲਾਂ ਨੂੰ ਨਿਯੰਤ੍ਰਿਤ ਹਾਲਤਾਂ ਵਿੱਚ 15-30 ਡਿਗਰੀ ਸੈਲਸੀਅਸ ਤਾਪਮਾਨ ਤੇ ਲੱਗਭਗ 80-85 ਪ੍ਰਤੀਸ਼ਤ ਰਿਲੇਟਿਵ ਨਮੀਂ ਦੀ ਮਾਤਰਾ ਹੋਵੇ। ਸਾਧਾਰਨ ਤੌਰ ਤੇ ਪੌਦੇ ਆਪਣੇ ਜ਼ਰੂਰੀ ਪੌਸ਼ਕ ਤੱਤ ਜ਼ਮੀਨ ਵਿੱਚੋਂ ਲੈਂਦੇ ਹਨ, ਪ੍ਰੰਤੂ ਹਾਈਡ੍ਰੋਪੋਨਿਕ ਤਕਨੀਕ ਵਿੱਚ ਪੌਦਿਆਂ ਦੇ ਲਈ ਜ਼ਰੂਰੀ ਪੋਸ਼ਕ ਤੱਤ ਉਪਲੱਬਧ ਕਰਨ ਦੇ ਲਈ ਪੌਦਿਆਂ ਵਿੱਚ ਇਕ ਖਾਸ ਤਰ੍ਹਾਂ ਦਾ ਘੋਲ ਪਾਇਆ ਜਾਂਦਾ ਹੈ। ਇਸ ਘੋਲ ਵਿੱਚ ਪੌਦਿਆਂ ਦੇ ਲਈ ਜ਼ਰੂਰੀ ਖਣਿਜ ਅਤੇ ਪੋਸ਼ਕ ਤੱਤ ਮਿਲਾਏ ਜਾਂਦੇ ਹਨ। ਪਾਣੀ ਵਿੱਚ ਉਗਾਏ ਜਾਣ ਵਾਲੇ ਪੌਦਿਆਂ ਵਿੱਚ ਇਸ ਘੋਲ ਦੀ ਮਹੀਨੇ ਵਿੱਚ ਇੱਕ ਦੋ ਵਾਰ ਕੇਵਲ ਕੁਝ ਮਾਤਰਾ ਹੀ ਪਾਈ ਜਾਂਦੀ ਹੈ। ਇਸ ਘੋਲ ਵਿੱਚ ਨਾਈਟ੍ਰੋਜਨ, ਫਾਸਫੋਰਸ, ਪੋਟਾਸ਼ੀਅਮ, ਮੈਗਨੀਸ਼ੀਅਮ, ਕੈਲਸ਼ੀਅਮ, ਸਲਫਰ, ਜ਼ਿੰਕ ਅਤੇ ਆਇਰਨ ਆਦਿ ਤੱਤਾਂ ਨੂੰ ਇਕ ਖਾਸ ਅਨੁਪਾਤ ਵਿੱਚ ਮਿਲਾਇਆ ਜਾਂਦਾ ਹੈ ਤਾਂ ਜੋ ਪੌਦਿਆਂ ਨੂੰ ਜ਼ਰੂਰੀ ਪੋਸ਼ਕ ਤੱਤ ਮਿਲਦੇ ਰਹਿਣ।

**ਹਾਈਡ੍ਰੋਪੋਨਿਕ ਚਾਰਾ ਉਤਪਾਦਨ ਦੇ ਲਾਭ :** ਪ੍ਰਚਲਿਤ ਤਕਨੀਕ ਨਾਲ ਚਾਰਾ ਫਸਲਾਂ ਉਗਾਉਣ ਦੇ ਮੁਕਾਬਲੇ ਹਾਈਡ੍ਰੋਪੋਨਿਕ ਤਕਨੀਕ ਦੇ ਕਈ ਲਾਭ ਹਨ। ਇਸ ਤਕਨੀਕ ਤੋਂ ਉਲਟ ਜਲਵਾਯੂ ਦੇ ਹਾਲਤਾਂ ਵਿੱਚ ਉਨ੍ਹਾਂ ਖੇਤਰਾਂ ਵਿੱਚ ਵੀ ਚਾਰਾ ਉਗਾਇਆ ਜਾ ਸਕਦਾ ਹੈ ਜਿੱਥੇ ਜ਼ਮੀਨ ਦੀ ਘਾਟ ਹੈ ਜਾਂ ਜਿੱਥੇ ਮਿੱਟੀ ਉਪਜਾਊ ਨਹੀਂ ਹੈ।

**ਹਾਈਡ੍ਰੋਪੋਨਿਕ ਦੇ ਪ੍ਰਮੁੱਖ ਲਾਭ ਹੇਠ ਲਿਖੇ ਹਨ :**

**1. ਪਾਣੀ ਦੀ ਬੱਚਤ :** ਹਾਈਡ੍ਰੋਪੋਨਿਕ ਤਕਨੀਕ ਨਾਲ ਇਕ ਕਿਲੋਗ੍ਰਾਮ ਚਾਰਾ ਉਗਾਉਣ ਦੇ ਲਈ 2-3 ਲੀਟਰ ਪਾਣੀ ਦੀ ਲੋੜ ਹੁੰਦੀ ਹੈ, ਜਦੋਂ ਕਿ ਰਿਵਾਇਤੀ ਤਕਨੀਕ ਵਿੱਚ 55-75 ਲੀਟਰ ਪਾਣੀ ਦੀ ਲੋੜ ਹੁੰਦੀ ਹੈ।

**2. ਘੱਟ ਤੋਂ ਘੱਟ ਜ਼ਮੀਨ ਦਾ ਉਪਯੋਗ :** ਹਾਈਡ੍ਰੋਪੋਨਿਕ ਤਕਨੀਕ ਤੋਂ ਰੋਜ਼ਾਨਾ 1000 ਕਿਲੋਗ੍ਰਾਮ ਹਰਾ ਚਾਰਾ ਕੇਵਲ 480 ਵਰਗ ਫੁੱਟ ਜ਼ਮੀਨ ਤੋਂ ਮਿਲ ਜਾਂਦਾ ਹੈ ਜਦੋਂ ਕਿ ਰਵਾਇਤੀ ਤਕਨੀਕ ਨਾਲ ਇਸ ਚਾਰੇ ਦੇ ਲਈ ਲਗਭਗ 25 ਏਕੜ ਜ਼ਮੀਨ ਦੀ ਲੋੜ ਹੁੰਦੀ ਹੈ।

**3. ਘੱਟ ਮਜ਼ਦੂਰਾਂ ਦੀ ਲੋੜ :** ਹਾਈਡ੍ਰੋਪੋਨਿਕ ਤਕਨੀਕ ਵਿਚ 2-3 ਘੰਟੇ/ਦਿਨ ਮਜ਼ਦੂਰਾਂ ਦੀ ਲੋੜ ਜਦੋਂ ਕਿ ਰਵਾਇਤੀ ਤਕਨੀਕ ਵਿੱਚ ਬਿਜਾਈ ਤੇ ਕਟਾਈ ਤੱਕ ਮਜ਼ਦੂਰਾਂ ਦੀ ਲੋੜ ਹੈ।

**4. ਘੱਟ ਸਮੇਂ ਦੀ ਲੋੜ :** ਹਾਈਡ੍ਰੋਪੋਨਿਕ ਵਿਚ ਗੁਣਵੱਤਾ ਵਾਲਾ ਹਰਾ ਚਾਰਾ ਲੈਣ ਲਈ ਬੀਜ ਪੁੰਗਰਨ ਤੋਂ ਬਾਅਦ ਸਿਰਫ 7-8 ਦਿਨ ਲੱਗਦੇ ਹਨ, ਜਦੋਂ ਕਿ ਰਵਾਇਤੀ ਤਕਨੀਕ ਵਿੱਚ 45-65 ਦਿਨ ਲੱਗਦੇ ਹਨ।

**5. ਸਾਰਾ ਸਾਲ ਚਾਰਾ ਉਤਪਾਦਨ :** ਹਾਈਡ੍ਰੋਪੋਨਿਕ ਤਕਨੀਕ ਦੁਆਰਾ ਮੰਗ ਦੇ ਅਨੁਸਾਰ ਸਾਰਾ ਸਾਲ ਹਰਾ ਚਾਰਾ ਉਤਪਾਦਨ ਕੀਤਾ ਜਾ ਸਕਦਾ ਹੈ।

**6. ਚਾਰੇ ਦੇ ਪੌਸ਼ਕ ਮੁੱਲ ਵਿੱਚ ਵਾਧਾ :** ਹਾਈਡ੍ਰੋਪੋਨਿਕ ਵਿੱਚ ਵਾਧੂ ਪੌਸ਼ਕ ਤੱਤ ਆਦਿ ਪਾ ਕੇ ਚਾਰੇ ਦੇ ਪੌਸ਼ਕ ਮੁੱਲ ਵਿੱਚ ਵਾਧਾ ਸੰਭਵ ਹੈ। ਨਾਲ ਹੀ ਇਹ ਚਾਰਾ ਪੌਸ਼ਕ ਤੱਤਾਂ ਜਿਵੇਂ ਬੀਟਾ ਕੈਰੋਟੀਨ, ਵਿਟਾਮਿਨ ਸੀ ਅਤੇ ਈ, ਖਣਿਜ ਜਿਵੇਂ ਸੈਲੀਨੀਅਮ ਅਤੇ ਜ਼ਿੰਕ ਆਦਿ ਦਾ ਚੰਗਾ ਸਰੋਤ ਹੈ।

**7. ਦੁੱਧ ਉਤਪਾਦਨ ਵਿੱਚ ਵਾਧਾ :** ਦੁਧਾਰੂ ਪਸ਼ੂਆਂ ਵਿੱਚ ਡ੍ਰਾਈ ਮੈਟਰ ਦੀ ਮਾਤਰਾ ਦੀ ਭਰਪਾਈ ਹਰੇ ਚਾਰੇ ਨਾਲ ਕੀਤੀ ਜਾ ਸਕਦੀ ਹੈ ਜਿਸ ਨਾਲ ਦੁੱਧ ਉਤਪਾਦਨ ਦੀ ਲਾਗਤ ਵਿਚ ਕਮੀ ਹੋ ਜਾਂਦੀ ਹੈ। ਖੋਜ ਨੇ ਸਾਬਿਤ ਕੀਤਾ ਹੈ ਕਿ ਇਸ ਚਾਰੇ ਨਾਲ 8-13.7 ਪ੍ਰਤੀਸ਼ਤ ਤੱਕ ਦੁੱਧ ਦੇ ਉਤਪਾਦਨ ਵਿੱਚ ਵਾਧਾ ਹੁੰਦਾ ਹੈ।

**8. ਹਰੇ ਚਾਰੇ ਦਾ ਘੱਟ ਨੁਕਸਾਨ :** ਹਾਈਡ੍ਰੋਪੋਨਿਕ ਵਿੱਚ ਉਗਾਏ ਗਏ ਹਰੇ ਚਾਰੇ ਦਾ ਪੂਰਾ ਉਪਯੋਗ ਹੋ ਜਾਂਦਾ ਹੈ ਜਿਸ ਨਾਲ ਚਾਰਾ ਖਰਾਬ ਹੋਣ ਦੀ ਸੰਭਾਵਨਾ ਘੱਟ ਤੋਂ ਘੱਟ ਹੁੰਦੀ ਹੈ।

**9. ਜ਼ਿਆਦਾ ਉਤਪਾਦਨ :** ਹਾਈਡ੍ਰੋਪੋਨਿਕ ਵਿੱਚ ਚਾਰੇ ਦੀ ਵਾਧਾ ਦਰ ਜ਼ਿਆਦਾ ਹੁੰਦੀ ਹੈ ਇਸ ਲਈ ਰਵਾਇਤੀ ਤਕਨੀਕ ਦੇ ਮੁਕਾਬਲੇ ਜ਼ਿਆਦਾ ਉਤਪਾਦਨ ਮਿਲਦਾ ਹੈ।

ਦੁੱਧ ਉਤਪਾਦਨ ਦੀ ਲਾਗਤ ਘੱਟ ਕਰਨ ਵਿਚ ਹਰਾ ਚਾਰਾ ਇਕ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਇਸ ਲਈ ਜੇ ਜ਼ਮੀਨ ਦਾ ਜੁਤਾਈ ਵਾਲਾ ਹਿੱਸਾ ਛੋਟਾ, ਪਾਣੀ ਦੀ ਘਾਟ, ਖਾਰਾ ਪਾਣੀ, ਮਜ਼ਦੂਰ ਅਤੇ ਜ਼ਮੀਨ ਦੀ ਲਾਗਤ ਜ਼ਿਆਦਾ ਹੈ, ਉੱਥੇ ਹਾਈਡ੍ਰੋਪੋਨਿਕ ਚਾਰਾ ਉਤਪਾਦਨ ਤਕਨੀਕ ਹਰੇ ਚਾਰੇ ਦੀ ਘਾਟ ਨੂੰ ਪੂਰਾ ਕਰਨ ਦਾ ਅਹਿਮ ਸਾਧਨ ਹੈ। ਪਸ਼ੂਆਂ ਨੂੰ ਦਿੱਤੇ ਜਾਣ ਵਾਲੇ ਰਾਸ਼ਨ ਵਿੱਚ ਜੇ ਇਹ ਚਾਰਾ ਮਿਲਾਇਆ ਜਾਵੇ ਤਾਂ ਇਹ 5 ਪ੍ਰਤੀਸ਼ਤ ਜ਼ਿਆਦਾ ਪਚਣਯੋਗ ਪ੍ਰੋਟੀਨ ਅਤੇ 4.9 ਪ੍ਰਤੀਸ਼ਤ ਜ਼ਿਆਦਾ ਕੁੱਲ ਪਾਚਕ ਪਦਾਰਥ ਪ੍ਰਦਾਨ ਕਰਨਗੇ। ਜਲ ਕ੍ਰਿਸ਼ੀ ਦੇ ਲਈ ਜਿਹੜੇ ਢਾਂਚਿਆਂ ਦਾ ਉਪਯੋਗ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਗ੍ਰੀਨ ਹਾਊਸ ਕਹਿੰਦੇ ਹਨ, ਇਹ ਗ੍ਰੀਨ ਹਾਊਸ 2 ਤਰ੍ਹਾਂ ਦੇ ਹੁੰਦੇ ਹਨ (1) ਹਾਈਟੈਕ ਗ੍ਰੀਨ ਹਾਊਸ ਚਾਰਾ ਸਿੰਚਾਈ ਇਕਾਈ, (2) ਲੋ ਕਾਸਟ ਜਾਂ ਘੱਟ ਖਰਚ ਗ੍ਰੀਨ ਹਾਊਸ ਚਾਰਾ ਸਿੰਚਾਈ ਇਕਾਈ।

**ਹਾਈਟੈਕ ਗ੍ਰੀਨ ਹਾਊਸ ਚਾਰਾ ਸਿੰਚਾਈ ਇਕਾਈ :** ਇਨ੍ਹਾਂ ਵਿੱਚ ਇਕ ਨਿਯੰਤ੍ਰਿਤ ਇਕਾਈ ਹੁੰਦੀ ਹੈ ਜਿਸ ਵਿੱਚ ਵਾਤਾਨੁਕੂਲ ਜਾਂ ਏਅਰ ਕੰਡੀਸ਼ਨਰ ਲੱਗੇ ਹੁੰਦੇ ਹਨ। ਇਸ ਵਿੱਚ ਲੱਗੀ ਨਿਯੰਤ੍ਰਿਤ ਇਕਾਈ ਪਾਣੀ ਦੇ ਵਹਾਵ ਨੂੰ ਨਿਯੰਤ੍ਰਿਤ ਕਰਦੀ ਅਤੇ ਸੈਂਸਰ ਦੇ ਮਾਧਿਅਮ ਨਾਲ ਰੋਸ਼ਨੀ ਨੂੰ ਵੀ ਨਿਯੰਤ੍ਰਿਤ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਦੇ ਚਾਰੇ ਨੂੰ ਲਗਾਉਣ ਵਿੱਚ ਲਾਗਤ ਜ਼ਿਆਦਾ ਆਉਂਦੀ ਹੈ। ਖਾਸ ਰੂਪ ਵਿੱਚ ਰੱਬੀ ਦੀਆਂ ਫਸਲਾਂ ਜਿਵੇਂ ਜੌਂ, ਜਵੀ, ਕਣਕ ਆਦਿ ਦੀ ਕ੍ਰਿਸ਼ੀ ਵਿੱਚ ਠੰਡਾ ਅਤੇ ਸੁੱਕਾ ਵਾਤਾਵਰਣ ਬਣਾਉਣ ਦੇ ਲਈ ਏਅਰ ਕੰਡੀਸ਼ਨਰ ਦੀ ਲੋੜ ਪੈਂਦੀ ਹੈ।

**ਘੱਟ ਲਾਗਤ ਵਾਲੇ ਗ੍ਰੀਨ ਹਾਊਸ ਪਾਣੀ ਕ੍ਰਿਸ਼ੀ ਚਾਰਾ ਸਿੰਚਾਈ ਇਕਾਈ :** ਇਹ ਘੱਟ ਲਾਗਤ ਵਿੱਚ ਤਿਆਰ ਕੀਤਾ ਜਾ ਸਕਦਾ ਹੈ ਅਤੇ ਇਸਨੂੰ ਛੋਟੇ ਕਿਸਾਨ ਵੀ ਲਗਾ ਸਕਦੇ ਹਨ। ਇਸ ਇਕਾਈ ਦੇ ਢਾਚੇ ਨੂੰ ਬਾਂਸ, ਲੱਕੜ, ਗੈਲਵੇਨਾਈਜ਼ਡ ਲੋਹੇ ਆਦਿ ਤੋਂ ਤਿਆਰ ਕੀਤਾ ਜਾ ਸਕਦਾ ਹੈ। ਇਹਨਾਂ ਢਾਂਚਿਆਂ ਨੂੰ ਸਹਾਰਾ ਦੇਣ ਦੇ ਲਈ ਇੱਕ ਪਾਸੇ ਤੋਂ ਦੀਵਾਰ ਦਾ ਉਪਯੋਗ ਵੀ ਕੀਤਾ ਜਾ ਸਕਦਾ ਹੈ। ਜਿਸ ਨਾਲ ਕਿ ਇਹ ਹੋਰ ਵੀ ਘੱਟ ਕੀਮਤ ਤੇ ਤਿਆਰ ਕੀਤਾ ਜਾ ਸਕੇ।

ਇਸ ਵਿੱਚ ਸਿੰਚਾਈ ਦੇ ਲਈ ਛੋਟੇ-ਛੋਟੇ ਫੁਆਰੇ ਜੋ ਕਿ ਆਟੋਮੈਟਿਕ ਜਾਂ ਹੱਥ ਨਾਲ ਚਲਾਏ ਜਾਣ ਵਾਲੇ ਹੋ ਸਕਦੇ ਹਨ ਉਪਯੋਗ ਵਿੱਚ ਲਿਆਏ ਜਾਂਦੇ ਹਨ। ਕਿਉਂਕਿ ਇਹ ਵਾਤਾਨੁਕੂਲ ਨਹੀਂ ਹੁੰਦੇ ਹਨ, ਇਸ ਲਈ ਇਸ ਵਿੱਚ ਜਿਸ ਚਾਰੇ ਜਾਂ ਫਸਲ ਨੂੰ ਲਗਾਇਆ ਜਾਂਦਾ ਹੈ ਉਹ ਉਸ ਸਥਾਨ ਦੇ ਮੌਸਮ ਤੇ ਨਿਰਭਰ ਕਰਦਾ ਹੈ। 30-300 ਕਿਲੋਗ੍ਰਾਮ ਤਾਜ਼ਾ ਚਾਰਾ ਉਗਾਉਣ ਦੇ ਲਈ ਇਕਾਈ ਵਿੱਚ ਲੱਗਭਗ 6000-50000 ਤੱਕ ਲਾਗਤ ਆਉਂਦੀ ਹੈ।

**ਜਲ ਕ੍ਰਿਸ਼ੀ ਵਿੱਚ ਉਗਾਈਆਂ ਜਾਣ ਵਾਲੀਆਂ ਫਸਲਾਂ :** ਹਾਈਡ੍ਰੋਪੋਨਿਕਸ ਵਿੱਚ ਭਿੰਨ-ਭਿੰਨ ਤਰ੍ਹਾਂ ਦੀਆਂ ਫਸਲਾਂ ਵਿੱਚ ਚਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ ਜਿਵੇਂ ਕਿ ਜੌਂ, ਜਈ, ਕਣਕ, ਜਵਾਰ, ਮੱਕੀ ਆਦਿ। ਜਲ ਕ੍ਰਿਸ਼ੀ ਨਾਲ ਚਾਰਾ ਉਤਪਾਦਨ ਭੂਗੋਲਿਕ ਹਾਲਾਤ, ਖੇਤਰ ਦੇ ਵਾਤਾਵਰਣ ਅਤੇ ਬੀਜ ਦੀ ਉਪਲੱਬਧਤਾ ਤੇ ਨਿਰਭਰ ਕਰਦਾ ਹੈ। ਉਤਪਾਦਨ ਦੇ ਲਈ ਬੀਜੇ ਗਏ ਬੀਜ ਸਾਫ, ਸਾਬਤ, ਕੀੜਾ ਰਹਿਤ ਅਤੇ ਚੰਗੀ ਗੁਣਵੱਤਾ ਦੇ ਹੋਣੇ ਚਾਹੀਦੇ ਹਨ। ਇਸ ਵਿੱਚ ਬੀਜਾਂ ਨੂੰ ਪਾਣੀ ਵਿੱਚ ਭਿਉਂ ਕੇ ਆਸਾਨੀ ਨਾਲ ਪੌਦਾ ਬਨਣ ਲਈ ਤਿਆਰ ਕੀਤਾ ਜਾਂਦਾ ਹੈ। ਸਾਧਾਰਨ ਤੌਰ ਤੇ ਬੀਜਾਂ ਨੂੰ ਜੂਟ ਦੇ ਥੈਲਿਆਂ ਵਿੱਚ ਰੱਖ ਕੇ ਚੰਗੀ ਤਰ੍ਹਾਂ ਨਾਲ ਬੰਦ ਕਰ ਕੇ ਉਨ੍ਹਾਂ ਨੂੰ ਭਿਉਂ ਕੇ ਇੱਕ ਦੋ ਦਿਨ ਦੇ ਲਈ ਰੱਖਿਆ ਜਾ ਸਕਦਾ ਹੈ, ਇਹ ਬੀਜ ਹੁਣ ਅੰਕੁਰਿਤ ਹੋ ਚੁੱਕੇ ਹੁੰਦੇ ਹਨ, ਇਸਦੇ ਬਾਅਦ ਇਨ੍ਹਾਂ ਨੂੰ ਪਲੇਟਾਂ ਵਿੱਚ ਰੱਖਿਆ ਜਾਂਦਾ ਹੈ, ਇਹ ਪਲੇਟਾਂ ਸਾਬਣ ਨਾਲ ਸਾਫ ਹੋਣੀਆਂ ਚਾਹੀਦੀਆਂ ਹਨ।

ਪੁੰਗਰੇ ਹੋਏ ਬੀਜਾਂ ਦੀ ਸਿੰਚਾਈ ਦਿਨ ਵਿਚ ਕਈ ਵਾਰ ਕੀਤੀ ਜਾਂਦੀ ਹੈ। ਇਸ ਵਿੱਚ ਇਸ ਗੱਲ ਦਾ ਧਿਆਨ ਰੱਖਣਾ ਹੁੰਦਾ ਹੈ ਕਿ ਪੌਦਿਆਂ ਦੀਆਂ ਜੜ੍ਹਾਂ ਹਮੇਸ਼ਾਂ ਭਿੱਜੀਆਂ ਰਹਿਣ। ਛੋਟੇ ਗ੍ਰੀਨ ਘਾਹ ਕਮਰੇ ਦੀ ਸਿੰਚਾਈ ਦੇ ਲਈ ਸਧਾਰਨ ਸਪਰੇ ਜਾਂ ਪੰਪਿੰਗ ਸਪ੍ਰੇ ਦਾ ਉਪਯੋਗ ਕੀਤਾ ਜਾਂਦਾ ਹੈ ਪਰ ਜੇ ਵੱਡੀ ਇਕਾਈ ਹੈ ਤਾਂ ਆਟੋਮੈਟਿਕ ਸਪ੍ਰੇ ਵੀ ਉਪਯੋਗ ਵਿੱਚ ਲਿਆਇਆ ਜਾ ਸਕਦਾ ਹੈ।

ਜੇ ਅਸੀਂ ਜਲ ਸਿੰਚਾਈ ਵਿੱਚ ਖਰਚ ਹੋਣ ਵਾਲੇ ਪਾਣੀ ਦੀ ਮਾਤਰਾ ਦੀ ਗੱਲ ਕਰੀਏ ਤਾਂ ਇਹ ਪਤਾ ਕਰਨਾ ਬਹੁਤ ਹੀ ਵਧੀਆ ਹੋਵੇਗਾ ਕਿ ਸਾਧਾਰਨ ਖੇਤੀ ਵਿੱਚ ਉਪਯੋਗ ਹੋਣ ਵਾਲੇ ਪਾਣੀ ਤੁਲਨਾ ਵਿੱਚ ਇਸ ਵਿੱਚ 3-5 ਪ੍ਰਤੀਸ਼ਤ ਹੀ ਪਾਣੀ ਦੀ ਲੋੜ ਹੁੰਦੀ ਹੈ। ਇੱਕ ਕਿਲੋਗ੍ਰਾਮ ਮੱਕੀ ਦੀ ਘਾਹ ਪੈਦਾ ਕਰਨ ਦੇ ਲਈ 1.5 ਲੀਟਰ ਤੋਂ ਲੈ ਕੇ 3 ਲੀਟਰ ਪਾਣੀ ਦੀ ਲੋੜ ਹੁੰਦੀ ਹੈ।

**ਜਲ ਕ੍ਰਿਸ਼ੀ ਵਿਚ ਉਪਯੋਗ ਹੋਣ ਵਾਲੇ ਪੌਸ਼ਕ ਘੋਲ : ਪਹਿਲੇ ਮਾਈਕ੍ਰੋ-ਨਿਊਟ੍ਰੀਐਂਟਸ :** ਨਾਈਟ੍ਰੋਜਨ, ਫਾਸਫੋਰਸ, ਪੋਟਾਸ਼ੀਅਮ

**ਦੂਜੇ ਮਾਈਕ੍ਰੋਨਿਊਟ੍ਰੀਐਂਟਸ :** ਕੈਲਸ਼ੀਅਮ, ਸਲਫਰ, ਮੈਗਨੀਸ਼ੀਅਮ

**ਮਾਈਕ੍ਰੋਨਿਊਟ੍ਰੀਐਂਟਸ :** ਬੋਰੋਨ, ਕਲੋਰੀਨ, ਮੈਂਗਨੀਜ਼, ਆਇਰਨ, ਜ਼ਿੰਕ, ਕਾਪਰ, ਮਾਲੀਬਡੈਨਮ, ਨਿਕਲ

ਨਾਈਟ੍ਰੋਜਨ : 210 ਪੀ.ਪੀ.ਐਮ., ਪੋਟਾਸ਼ੀਅਮ-235 ਪੀ.ਪੀ.ਐਮ., ਕੈਲਸ਼ੀਅਮ-200 ਪੀ.ਪੀ.ਐਮ., ਫਾਸਫੋਰਸ-31 ਪੀ.ਪੀ.ਐਮ., ਸਲਫਰ-64 ਪੀ.ਪੀ.ਐਮ., ਮੈਗਨੀਸ਼ੀਅਮ-48 ਪੀ.ਪੀ.ਐਮ., ਆਇਰਨ-1 ਤੋਂ 5 ਪੀ.ਪੀ.ਐਮ., ਜ਼ਿੰਕ-0.05 ਪੀ.ਪੀ.ਐਮ., ਮਾਲੀਬਡੈਨਮ-0.01 ਪੀ.ਪੀ.ਐਮ., ਕਾਪਰ-0.02 ਪੀ.ਪੀ.ਐਮ.।

**ਦਿਨ ਦੇ ਅਨੁਸਾਰ ਚਾਰੇ ਦਾ ਵਾਧਾ ਚੱਕਰ :** ਪਹਿਲਾ ਦਿਨ - ਪਹਿਲੇ ਦਿਨ ਪਾਣੀ ਵਿੱਚ ਭਿਉਂ ਕੇ ਦਾਣੇ ਨੂੰ ਪਲੇਟਾਂ ਵਿੱਚ ਜੋ ਕਿ ਸ਼ੈਲਫ ਤੇ ਰੱਖੀਆਂ ਹੁੰਦੀਆਂ ਹਨ ਵਿਚ ਸਾਮਾਨ ਰੂਪ ਵਿਚ ਫੈਲਾ ਦਿੱਤਾ ਜਾਂਦਾ ਹੈ।



ਦੂਜਾ ਦਿਨ-ਦੂਜੇ ਦਿਨ ਬੀਜ ਪੁੰਗਰਨੇ ਸ਼ੁਰੂ ਹੋ ਜਾਂਦੇ ਹਨ।

ਤੀਜਾ ਦਿਨ ਅਤੇ ਚੌਥਾ ਦਿਨ - ਜੜ੍ਹਾਂ ਦਾ ਇਕ ਕਾਲੀਨ ਵਰਗਾ ਗੁਥਿਆ ਹੋਇਆ ਜਾਲ ਦਿਖਾਈ ਦੇਣ ਲੱਗਦਾ ਹੈ।

ਪੰਜਵਾਂ ਅਤੇ ਛੇਵਾਂ ਦਿਨ : ਜੜ੍ਹਾਂ ਅਤੇ ਤਨੇ ਦਾ ਪੂਰਾ ਵਾਧਾ ਦਿਖਾਈ ਦੇਣ ਲੱਗਦਾ ਹੈ।

ਸੱਤਵਾਂ ਦਿਨ - ਇਸਨੂੰ ਫੀਡਿੰਗ ਡੇਅ ਕਿਹਾ ਜਾਂਦਾ ਹੈ, ਇਸ ਸਮੇਂ 8-10 ਇੰਚ ਵਾਧਾ ਹੋ ਜਾਂਦਾ ਹੈ ਅਤੇ ਇਸ ਸਮੇਂ ਹਰੇ ਚਾਰੇ ਨੂੰ ਪਲੇਟਾਂ ਵਿੱਚੋਂ ਕੱਢ ਕੇ ਪਸ਼ੂਆਂ ਨੂੰ ਖਵਾਇਆ ਜਾਂਦਾ ਹੈ।

ਘੱਟ ਲਾਗਤ ਵਾਲੇ ਗ੍ਰੀਨ ਹਾਊਸ ਵਿੱਚ 1 ਕਿਲੋਗ੍ਰਾਮ ਮੱਕੇ ਤੋਂ 7 ਤੋਂ 10 ਦਿਨਾਂ ਵਿਚ 8-10 ਕਿਲੋਗ੍ਰਾਮ ਮੱਕੀ ਦਾ ਚਾਰਾ ਉਗਾਇਆ ਜਾ ਸਕਦਾ ਹੈ।

# ਕਣਕ ਦੀ ਨਵੀਂ ਤੂੜੀ ਵਰਤਣ ਦੇ ਸੁਰੱਖਿਅਤ ਤਰੀਕੇ

ਤਾਜ਼ੀ ਕਣਕ ਦੀ ਤੂੜੀ (Fresh Wheat Straw) ਪੰਜਾਬ ਵਿੱਚ ਪਸ਼ੂ ਪਾਲਕਾਂ ਲਈ ਸੁੱਕੇ ਚਾਰੇ ਦਾ ਸਭ ਤੋਂ ਮੁੱਖ ਸਰੋਤ ਹੈ। ਹਾਲਾਂਕਿ ਇਸ ਵਿੱਚ ਪੌਸ਼ਟਿਕ ਤੱਤਾਂ ਦੀ ਕਮੀ ਹੁੰਦੀ ਹੈ, ਪਰ ਜੇਕਰ ਇਸ ਨੂੰ ਸਹੀ ਤਰੀਕੇ ਨਾਲ ਵਰਤਿਆ ਜਾਵੇ, ਤਾਂ ਇਹ ਪਸ਼ੂਆਂ ਦੇ ਪਾਚਨ ਅਤੇ ਦੁੱਧ ਉਤਪਾਦਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ।

ਹੇਠਾਂ ਤੂੜੀ ਦੀ ਵਰਤੋਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ :

★ **ਤੂੜੀ ਦੀ ਮਹੱਤਤਾ ਅਤੇ ਬਣਤਰ** : ਕਣਕ ਦੀ ਤੂੜੀ ਵਿੱਚ ਫਾਈਬਰ (ਰੇਸ਼ਾ) ਬਹੁਤ ਜ਼ਿਆਦਾ ਹੁੰਦਾ ਹੈ, ਜੋ ਪਸ਼ੂਆਂ ਦੀ ਜੁਗਾਲੀ ਲਈ ਜ਼ਰੂਰੀ ਹੈ। ਜੁਗਾਲੀ ਕਰਨ ਨਾਲ ਪਸ਼ੂ ਦੇ ਮੂੰਹ ਵਿੱਚ ਲਾਰ (Saliva) ਬਣਦੀ ਹੈ, ਜੋ ਪੇਟ ਵਿੱਚ ਤੇਜ਼ਾਬੀਪਣ (Acidity) ਨੂੰ ਰੋਕਦੀ ਹੈ, ਪਰ ਤਾਜ਼ੀ ਤੂੜੀ ਵਿੱਚ ਪ੍ਰੋਟੀਨ ਅਤੇ ਖਣਿਜਾਂ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ, ਇਸ ਲਈ ਤਾਜ਼ੀ ਤੂੜੀ ਨੂੰ ਕਦੇ ਵੀ ਇਕੱਲਾ ਨਾ ਪਾਓ। ਇਸ ਨੂੰ ਹਮੇਸ਼ਾ ਹਰੇ ਚਾਰੇ ਜਿਵੇਂ ਬਰਸੀਮ, ਮੱਕੀ, ਲੂਸਣ, ਰਾਈ ਘਾਹ, ਜਵੀ, ਚਰ੍ਹੀ ਆਦਿ ਨਾਲ ਮਿਲਾ ਕੇ ਦੇਣਾ ਚਾਹੀਦਾ ਹੈ।

★ **ਤੂੜੀ ਦਾ ਸਹੀ ਆਕਾਰ (Chop Length)** : ਤੂੜੀ ਬਣਾਉਣ ਵੇਲੇ ਇਸ ਦੇ ਆਕਾਰ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਦੁਧਾਰੂ ਪਸ਼ੂਆਂ ਲਈ ਤੂੜੀ 1 ਤੋਂ 2 ਇੰਚ ਲੰਬੀ ਹੋਣੀ ਚਾਹੀਦੀ ਹੈ। ਮੋਟੀ ਤੂੜੀ ਪੇਟ ਦੀਆਂ



ਮਾਸਪੇਸ਼ੀਆਂ ਨੂੰ ਮਜ਼ਬੂਤ ਕਰਦੀ ਹੈ ਅਤੇ ਪਾਚਨ ਪ੍ਰਣਾਲੀ ਨੂੰ ਸਹੀ ਰੱਖਦੀ ਹੈ। ਜੇਕਰ ਤੂੜੀ ਬਹੁਤ ਬਰੀਕ ਹੋਵੇਗੀ, ਤਾਂ ਉਹ ਪਸ਼ੂ ਦੇ ਪੇਟ (Rumen) ਵਿੱਚੋਂ ਬਿਨ੍ਹਾਂ ਪਚੇ ਤੇਜ਼ੀ ਨਾਲ ਨਿਕਲ ਜਾਵੇਗੀ। ਇਸ ਨਾਲ ਪਸ਼ੂ ਨੂੰ ਪੂਰਾ ਪੋਸ਼ਣ ਨਹੀਂ ਮਿਲਦਾ ਅਤੇ ਫੈਟ (Fat) ਦੀ ਮਾਤਰਾ ਵੀ ਘੱਟ ਜਾਂਦੀ ਹੈ।

★ **ਯੂਰੀਆ ਨਾਲ ਤੂੜੀ ਨੂੰ ਸੋਧਣ ਦਾ ਤਰੀਕਾ (Urea Treatment)** : ਤੂੜੀ ਦੀ ਪੌਸ਼ਟਿਕਤਾ ਵਧਾਉਣ ਲਈ ਯੂਰੀਆ ਟ੍ਰੀਟਮੈਂਟ ਸਭ ਤੋਂ ਵਧੀਆ ਤਰੀਕਾ ਹੈ। ਇਸ ਨਾਲ ਤੂੜੀ ਵਿੱਚ ਪ੍ਰੋਟੀਨ ਦੀ ਮਾਤਰਾ ਵੱਧ ਜਾਂਦੀ ਹੈ ਅਤੇ ਪਸ਼ੂ ਇਸ ਨੂੰ ਆਸਾਨੀ ਨਾਲ ਹਜ਼ਮ ਕਰ ਲੈਂਦਾ ਹੈ।

★ **ਲੋੜੀਂਦਾ ਸਮਾਨ (400 ਕਿਲੋ ਤੂੜੀ ਲਈ)** : ਕਣਕ ਦੀ ਤੂੜੀ : 400 ਕਿਲੋ (4 ਕੁਇੰਟਲ), ਯੂਰੀਆ : 14 ਕਿਲੋ, ਪਾਣੀ : 200 ਲੀਟਰ।

★ **ਵਿਧੀ** : ਸਭ ਤੋਂ ਪਹਿਲਾਂ 14 ਕਿਲੋ ਯੂਰੀਆ ਨੂੰ 200 ਲੀਟਰ ਪਾਣੀ ਵਿੱਚ ਚੰਗੀ ਤਰ੍ਹਾਂ ਘੋਲ ਲਓ। ਤੂੜੀ ਨੂੰ ਇੱਕ ਪੱਕੇ ਫਰਸ਼ ਤੇ ਖਿਲਾਰ ਲਓ। ਇਸ ਘੋਲ ਨੂੰ ਤੂੜੀ ਉੱਤੇ ਛਿੜਕੋ ਅਤੇ ਨਾਲ-ਨਾਲ ਤੂੜੀ ਨੂੰ ਪਲਟਦੇ ਰਹੋ ਤਾਂ ਜੋ ਸਾਰੀ ਤੂੜੀ ਗਿੱਲੀ ਹੋ ਜਾਵੇ। ਹੁਣ ਇਸ ਸੋਧੀ ਹੋਈ ਤੂੜੀ ਨੂੰ ਇੱਕ ਢੇਰ ਬਣਾ ਕੇ ਤਿਰਪਾਲ ਜਾਂ ਪਲਾਸਟਿਕ ਦੀ ਸ਼ੀਟ ਨਾਲ ਚੰਗੀ ਤਰ੍ਹਾਂ ਢੱਕ ਕੇ ਖੁੱਜੇ ਵਿੱਚ 9 ਦਿਨ ਲਈ ਦੱਬੋ। ਵਰਤਣ ਤੋਂ ਪਹਿਲਾਂ ਇਸ ਨੂੰ ਥੋੜ੍ਹੀ ਦੇਰ ਖੁੱਲ੍ਹਾ ਰੱਖੋ ਤਾਂ ਜੋ ਵਾਧੂ ਗੈਸ ਨਿਕਲ ਜਾਵੇ।

★ **ਖਣਿਜ ਅਤੇ ਨਮਕ ਦਾ ਮਿਸ਼ਰਣ** : ਤਾਜ਼ੀ ਤੂੜੀ ਵਿੱਚ ਸਿਲਿਕਾ ਜ਼ਿਆਦਾ ਹੁੰਦਾ ਹੈ ਜੋ ਦੁੱਧ ਉਤਪਾਦਨ ਵਿੱਚ ਰੁਕਾਵਟ ਪਾ ਸਕਦਾ ਹੈ। ਇਸ ਲਈ ਰੋਜ਼ਾਨਾ ਪਸ਼ੂ ਦੀ ਖੁਰਾਕ ਵਿੱਚ 50-100 ਗ੍ਰਾਮ ਮਿਨਰਲ ਮਿਕਸਚਰ ਜ਼ਰੂਰ ਮਿਲਾਓ। ਤੂੜੀ ਦੇ ਨਾਲ ਸਾਧਾਰਨ ਨਮਕ ਦੇਣ ਨਾਲ ਪਸ਼ੂ ਨੂੰ ਪਿਆਸ ਜ਼ਿਆਦਾ ਲੱਗਦੀ ਹੈ ਅਤੇ ਉਹ ਪਾਣੀ ਵੱਧ ਪੀਂਦਾ ਹੈ, ਜੋ ਦੁੱਧ ਵਧਾਉਣ ਲਈ ਸਹਾਇਕ ਹੈ।

**ਸਾਵਧਾਨੀਆਂ (Precautions)**

★ **ਉੱਲੀ ਤੋਂ ਬਚਾਅ** : ਜੇਕਰ ਤੂੜੀ ਵਿੱਚ ਨਮੀ ਜ਼ਿਆਦਾ ਹੋਵੇ, ਤਾਂ ਇਸ ਨੂੰ ਉੱਲੀ (Fungus) ਲੱਗ ਸਕਦੀ ਹੈ। ਉੱਲੀ ਵਾਲੀ ਤੂੜੀ ਪਸ਼ੂਆਂ ਨੂੰ ਬਿਮਾਰ ਕਰ ਸਕਦੀ ਹੈ ਅਤੇ ਗਰਭਪਾਤ (Abortion) ਦਾ ਕਾਰਨ ਵੀ ਬਣ ਸਕਦੀ ਹੈ।

★ **ਸਫਾਈ** : ਤਾਜ਼ੀ ਤੂੜੀ ਨੂੰ ਸਟੋਰ ਕਰਨ ਤੋਂ ਪਹਿਲਾਂ ਚੈੱਕ ਕਰੋ ਕਿ ਉਸ ਵਿੱਚ ਮਿੱਟੀ, ਕੰਕਰ ਜਾਂ ਕਣਕ ਦੀ ਮਸ਼ੀਨ ਦੇ ਲੋਹੇ ਦੇ ਟੁਕੜੇ ਨਾ ਹੋਣ।

★ **ਪਾਣੀ ਦੀ ਉਪਲਬਧਤਾ** : ਤੂੜੀ ਖਾਣ ਵਾਲੇ ਪਸ਼ੂਆਂ ਨੂੰ ਹਰ ਵੇਲੇ ਸਾਫ ਅਤੇ ਤਾਜ਼ਾ ਪਾਣੀ ਮਿਲਣਾ ਚਾਹੀਦਾ ਹੈ।

★ **ਦੁੱਧ ਦੀ ਫੈਟ ਵਧਾਉਣ ਲਈ ਨੁਕਤਾ** : ਜੇਕਰ ਤੁਹਾਡੇ ਪਸ਼ੂ ਦੇ ਦੁੱਧ ਵਿੱਚ ਫੈਟ ਘੱਟ ਹੈ, ਤਾਂ ਹਰੇ ਚਾਰੇ ਦੀ ਮਾਤਰਾ ਥੋੜ੍ਹੀ ਘਟਾ ਕੇ ਤੂੜੀ ਦੀ ਮਾਤਰਾ ਵਧਾ ਦਿਓ। ਸੁੱਕਾ ਚਾਰਾ ਪੇਟ ਵਿੱਚ ਜਾ ਕੇ ਐਸੀਟਿਕ ਐਸਿਡ ਬਣਾਉਂਦਾ ਹੈ, ਜੋ ਸਿੱਧੇ ਤੌਰ ਤੇ ਦੁੱਧ ਦੀ ਫੈਟ ਵਧਾਉਣ ਵਿੱਚ ਮਦਦ ਕਰਦਾ ਹੈ।

**- ਅਜੈ ਸਿੰਘ ਅਤੇ ਅਜੀਤਪਾਲ ਸਿੰਘ ਧਾਲੀਵਾਲ,**
**ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ (ਮੋ. 98961-02398)**

# ਸਾਧਾਰਨ ਤੋਂ ਘੱਟ ਮਾਨਸੂਨ
## ਪਰ ਘਬਰਾਉਣ ਦੀ ਗੱਲ ਨਹੀਂ

ਅਮਿਤਾਭ ਸਿਨਹਾ

ਮਾਨਸੂਨ ਦੇ ਮੌਸਮ ਵਿੱਚ ਲਗਾਤਾਰ 7 ਸਾਲਾਂ ਦੀ ਚੰਗੀ ਬਾਰਿਸ਼ ਤੋਂ ਬਾਅਦ, ਭਾਰਤ ਦੀ ਕਿਸਮਤ ਹੁਣ ਸਾਥ ਛੱਡਦੀ ਦਿਸ ਰਹੀ ਹੈ। ਭਾਰਤ ਮੌਸਮ ਵਿਗਿਆਨ ਵਿਭਾਗ (ਆਈ.ਐਮ.ਡੀ.) ਦੇ ਅਗਾਊਂ-ਅਨੁਮਾਨ ਅਨੁਸਾਰ, ਇਸ ਸਾਲ ਦਾ ਮਾਨਸੂਨ ਮੁਕਾਬਲਤਨ ਖੁਸ਼ਕ ਰਹਿਣ ਦੀ ਉਮੀਦ ਹੈ। ਆਉਣ ਵਾਲੀ ਵਰਖਾ ਰੁੱਤ ਦੇ ਆਪਣੇ ਪਹਿਲੇ ਅਗਾਊਂ-ਅਨੁਮਾਨ ਵਿੱਚ, ਆਈ.ਐਮ.ਡੀ. ਨੇ ਕਿਹਾ ਕਿ ਪੂਰੇ ਦੇਸ਼ ਵਿੱਚ ਇਸ ਵਾਰ ਸਾਧਾਰਨ ਦੀ ਤੁਲਨਾ ਵਿੱਚ ਸਿਰਫ਼ '92 ਫ਼ੀਸਦੀ ਬਾਰਿਸ਼' ਹੋਣ ਦੀ ਸੰਭਾਵਨਾ ਹੈ। ਇਹ ਪਿਛਲੇ 20 ਸਾਲਾਂ ਵਿੱਚ ਆਈ.ਐਮ.ਡੀ. ਵੱਲੋਂ ਜਾਰੀ ਕੀਤਾ ਗਿਆ ਹੁਣ ਤੱਕ ਦਾ ਸਭ ਤੋਂ ਘੱਟ ਅਖਿਲ ਭਾਰਤੀ ਮਾਨਸੂਨ ਵਰਖਾ ਦਾ ਅਗਾਊਂ-ਅਨੁਮਾਨ ਹੈ।

ਜੂਨ ਤੋਂ ਸਤੰਬਰ ਤੱਕ ਚੱਲਣ ਵਾਲਾ 4 ਮਹੀਨੇ ਦਾ ਮਾਨਸੂਨ, ਭਾਰਤ ਦੀ ਸਾਲਾਨਾ ਵਰਖਾ ਦਾ 70 ਫ਼ੀਸਦੀ ਤੋਂ ਵੱਧ ਹਿੱਸਾ ਲਿਆਉਂਦਾ ਹੈ। ਭਿਆਨਕ ਗਰਮੀ ਤੋਂ ਰਾਹਤ ਦੇਣ ਤੋਂ ਇਲਾਵਾ, ਇਸ ਮੌਸਮ ਵਿੱਚ ਹੋਣ ਵਾਲੀ ਬਾਰਿਸ਼ ਦਾ ਅਰਥਵਿਵਸਥਾ 'ਤੇ ਵੱਡਾ ਪ੍ਰਭਾਵ ਪੈਂਦਾ ਹੈ। ਭਾਰਤ ਦੀ ਲੱਗਭਗ ਅੱਧੀ ਫ਼ਸਲੀ ਭੂਮੀ ਅਜੇ ਵੀ ਸਿੰਚਾਈ ਲਈ ਵਰਖਾ ਜਲ 'ਤੇ ਨਿਰਭਰ ਹੈ। ਚੰਗੀ ਖੇਤੀ ਪੈਦਾਵਾਰ ਦੇ ਲਈ ਸਮੇਂ ਸਿਰ ਅਤੇ ਲੋੜੀਂਦੀ ਵਰਖਾ ਮਹੱਤਵਪੂਰਨ ਹੈ, ਜੋ ਬਦਲੇ ਵਿੱਚ ਖੇਤੀ ਆਮਦਨ ਅਤੇ ਪੇਂਡੂ ਮੰਗ ਨੂੰ ਵਧਾਉਂਦੀ ਹੈ। ਮਾਨਸੂਨ ਦੀ ਬਾਰਿਸ਼ ਭਾਰਤ ਦੇ ਜਲ ਭੰਡਾਰਾਂ ਨੂੰ ਵੀ ਭਰਦੀ ਹੈ, ਜਿਨ੍ਹਾਂ ਦੀ ਵਰਤੋਂ ਬਾਕੀ ਸਾਲ ਲਈ ਪੀਣ ਦੇ ਪਾਣੀ, ਜਲ-ਬਿਜਲੀ ਅਤੇ ਉਦਯੋਗ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੀਤੀ ਜਾਂਦੀ ਹੈ। ਨਦੀਆਂ ਦੇ ਪ੍ਰਵਾਹ ਨੂੰ ਬਣਾਈ ਰੱਖਣਾ, ਅੰਤਰਦੇਸ਼ੀ ਜਲ ਆਵਾਜਾਈ ਅਤੇ ਭੂਜਲ ਰੀਚਾਰਜ ਕੁਝ ਹੋਰ ਚੀਜ਼ਾਂ ਹਨ, ਜੋ ਮਾਨਸੂਨ ਦੀ ਬਾਰਿਸ਼ ਤੋਂ ਪ੍ਰਭਾਵਿਤ ਹੁੰਦੀਆਂ ਹਨ।

ਘੱਟ ਬਾਰਿਸ਼ ਦਾ ਅਗਾਊਂ-ਅਨੁਮਾਨ, ਜਿਵੇਂ ਕਿ ਇਸ ਸਾਲ ਦਾ ਹੈ, ਸਰਕਾਰਾਂ ਅਤੇ ਨੀਤੀ ਘੜਨ ਵਾਲਿਆਂ ਲਈ ਇਕ ਤਰ੍ਹਾਂ ਦਾ ਨੋਟਿਸ ਹੈ ਕਿ ਉਹ ਖੁਸ਼ਕ ਮਾਨਸੂਨ ਸੀਜ਼ਨ ਦੇ ਪ੍ਰਭਾਵਾਂ ਨੂੰ ਸੋਖਣ ਲਈ ਸਾਰੀਆਂ ਕਿਸਮਾਂ ਦੀਆਂ ਸੰਭਾਵਨਾਵਾਂ ਦੀ ਤਿਆਰੀ ਸ਼ੁਰੂ ਕਰ ਦੇਣ।

### ਵਧਦਾ ਲਚਕੀਲਾਪਨ

ਹਾਲ ਤੱਕ, ਮੁਕਾਬਲਤਨ ਘੱਟ ਵਰਖਾ ਦੀ ਭਵਿੱਖਬਾਣੀ ਆਮ ਤੌਰ 'ਤੇ ਸਰਕਾਰ ਵਿੱਚ ਖ਼ਤਰੇ ਦੀ ਘੰਟੀ ਵਜਾ ਦਿੰਦੀ ਸੀ। ਇਸ ਨੂੰ ਖੇਤੀ ਸੰਕਟ ਅਤੇ ਆਰਥਿਕ ਵਿਕਾਸ ਦੀਆਂ ਸੰਭਾਵਨਾਵਾਂ 'ਤੇ ਰੋਕ ਦੇ ਇਕ ਨਿਸ਼ਚਿਤ ਸੰਕੇਤ ਦੇ ਰੂਪ ਵਿੱਚ ਦੇਖਿਆ ਜਾਂਦਾ ਸੀ। ਇੱਥੋਂ ਤੱਕ ਕਿ ਬਾਜ਼ਾਰ ਦੀ ਧਾਰਨਾ ਵੀ ਪ੍ਰਭਾਵਿਤ ਹੋ ਜਾਂਦੀ ਸੀ। ਪਿਛਲੇ ਕੁਝ ਸਾਲਾਂ ਵਿੱਚ ਚੀਜ਼ਾਂ ਬਹੁਤ ਬਿਹਤਰ ਹੋਈਆਂ ਹਨ। ਇਸ ਲਈ ਨਹੀਂ ਕਿ ਮਾਨਸੂਨ ਦੀ ਬਾਰਿਸ਼ 'ਤੇ ਨਿਰਭਰਤਾ ਘੱਟ ਗਈ ਹੈ, ਸਗੋਂ ਇਸ ਲਈ ਕਿ ਭਾਰਤ ਵੱਖ-ਵੱਖ ਖੇਤਰਾਂ ਵਿੱਚ ਵੱਖ-ਵੱਖ ਪਹਿਲਕਦਮੀਆਂ ਦੇ ਕਾਰਨ ਮਾਨਸੂਨ ਦੀ ਬਾਰਿਸ਼ ਦੇ ਸਾਲਾਨਾ ਉਤਰਾਅ-ਚੜ੍ਹਾਅ ਪ੍ਰਤੀ ਹੌਲੀ-ਹੌਲੀ ਵਧੇਰੇ ਲਚਕੀਲਾ ਹੁੰਦਾ ਜਾ ਰਿਹਾ ਹੈ।

ਪਿਛਲੇ ਇਕ ਦਹਾਕੇ ਵਿੱਚ ਐਮ. ਆਈ. ਡੀ. ਦੇ ਆਪਣੇ ਅਗਾਊਂ-ਅਨੁਮਾਨਾਂ ਵਿੱਚ ਕਾਫ਼ੀ ਸੁਧਾਰ ਹੋਇਆ ਹੈ, ਜਿਸ ਨਾਲ ਕਾਫੀ ਮਦਦ ਮਿਲੀ ਹੈ। ਅਗਾਊਂ-ਅਨੁਮਾਨ ਨਾ ਸਿਰਫ਼ ਵਧੇਰੇ ਸਹੀ ਅਤੇ ਸਮੇਂ ਸਿਰ ਹੋ ਗਏ ਹਨ, ਸਗੋਂ ਵਧੇਰੇ ਵਿਸਤ੍ਰਿਤ, ਸੂਖਮ ਅਤੇ ਕਾਰਵਾਈ ਯੋਗ ਵੀ ਹੋ ਗਏ ਹਨ। ਇਸ ਨੇ ਨੀਤੀ ਨਿਯੋਜਨ ਪ੍ਰਕਿਰਿਆ ਵਿੱਚ ਵਧੇਰੇ ਕੁਸ਼ਲਤਾ ਅਤੇ ਨਿਸ਼ਚਿਤਤਾ ਲਿਆ ਦਿੱਤੀ ਹੈ।

ਅਗਾਊਂ-ਅਨੁਮਾਨ ਦੀ ਸਟੀਕਤਾ ਵਿੱਚ ਇਹ ਸੁਧਾਰ ਅਜਿਹੇ ਸਮੇਂ ਵਿੱਚ ਆਇਆ ਹੈ, ਜਦੋਂ ਜਲਵਾਯੂ ਤਬਦੀਲੀ ਦੇ ਪ੍ਰਭਾਵ ਵਿੱਚ ਮੌਸਮ ਦੇ ਪੈਟਰਨ ਤੇਜ਼ੀ ਨਾਲ ਅਣਕਿਆਸੇ ਹੁੰਦੇ ਜਾ ਰਹੇ ਹਨ। ਵਰਖਾ ਦੀਆਂ ਘਟਨਾਵਾਂ ਵਿਸ਼ੇਸ਼ ਤੌਰ 'ਤੇ ਅਨਿਯਮਿਤ ਹੋ ਗਈਆਂ ਹਨ। ਬਹੁਤ ਭਾਰੀ ਅਤੇ ਬਹੁਤ ਜ਼ਿਆਦਾ ਸਥਾਨਕ ਵਰਖਾ ਦੀਆਂ ਘਟਨਾਵਾਂ ਦੀ ਗਿਣਤੀ ਹਾਲ ਹੀ ਦੇ ਸਾਲਾਂ ਵਿੱਚ ਕਾਫੀ ਵਧ ਗਈ ਹੈ ਅਤੇ ਇਸੇ ਤਰ੍ਹਾਂ ਖੁਸ਼ਕ ਦੌਰੇ ਵੀ ਵਧੇ ਹਨ। ਆਈ. ਐਮ. ਡੀ. ਦੇ ਸਾਹਮਣੇ ਅੱਗੇ ਦੀ ਚੁਣੌਤੀ ਇਨ੍ਹਾਂ ਘਟਨਾਵਾਂ ਦੇ ਅਗਾਊਂ-ਅਨੁਮਾਨਾਂ ਵਿੱਚ ਹੋਰ ਸੁਧਾਰ ਕਰਨਾ ਹੈ, ਕਿਉਂਕਿ ਇਨ੍ਹਾਂ ਵਿੱਚ ਵੱਡੇ ਪੱਧਰ 'ਤੇ ਆਫਤ ਅਤੇ ਵਿਨਾਸ਼ ਪੈਦਾ ਕਰਨ ਦੀ ਸਮਰੱਥਾ ਹੁੰਦੀ ਹੈ। ਅਜਿਹੇ ਕਈ ਹੋਰ ਕਾਰਨ ਹਨ, ਜਿਨ੍ਹਾਂ ਦੀ ਵਜ੍ਹਾ ਨਾਲ ਖਰਾਬ ਮਾਨਸੂਨ ਦੀ ਸੰਭਾਵਨਾ ਨੂੰ ਹੁਣ ਓਨੀ ਚਿੰਤਾ ਦੇ ਵਿਸ਼ੇ ਦੇ ਰੂਪ ਵਿੱਚ ਨਹੀਂ ਦੇਖਿਆ ਜਾਂਦਾ। ਬਿਹਤਰ ਜਲ ਪ੍ਰਬੰਧਨ ਪ੍ਰਥਾਵਾਂ, ਜਲ ਭੰਡਾਰਾਂ ਦੀ ਸੁਰੱਖਿਆ ਦੇ ਯਤਨ, ਨਦੀ ਅਤੇ ਝੀਲ ਸਫਾਈ ਅਭਿਆਸਾਂ ਨੇ ਇਹ ਯਕੀਨੀ ਬਣਾਉਣ ਵਿੱਚ ਯੋਗਦਾਨ ਪਾਇਆ ਹੈ ਕਿ ਭਾਰਤ ਮਾਨਸੂਨ ਦੌਰਾਨ ਬਾਰਿਸ਼ ਦੀ ਕਮੀ ਨਾਲ ਨਜਿੱਠਣ ਲਈ ਬਹੁਤ ਬਿਹਤਰ ਤਰੀਕੇ ਨਾਲ ਤਿਆਰ ਹੈ।

ਪ੍ਰਮੁੱਖ ਪੇਂਡੂ ਰੁਜ਼ਗਾਰ ਗਾਰੰਟੀ ਪ੍ਰੋਗਰਾਮ ਦੇ ਤਹਿਤ ਕੀਤੇ ਗਏ ਕਾਰਜਾਂ ਦਾ ਇਕ ਵੱਡਾ ਹਿੱਸਾ ਜਲ ਸੁਰੱਖਿਆ 'ਤੇ ਕੇਂਦਰਿਤ ਸੀ। ਪੇਂਡੂ ਖੇਤਰਾਂ ਵਿੱਚ ਹਜ਼ਾਰਾਂ ਤਲਾਬਾਂ, ਖੂਹਾਂ, ਚੈੱਕ ਡੈਮਾਂ ਅਤੇ ਹੋਰ ਸਮਾਨ ਜਾਇਦਾਦਾਂ ਦੇ ਨਿਰਮਾਣ ਨੂੰ ਪਾਣੀ ਦੀ ਉਪਲਬਧਤਾ ਵਿੱਚ ਸੁਧਾਰ ਕੀਤਾ ਹੈ, ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਵਧਾਇਆ ਹੈ ਅਤੇ ਵਰਖਾ ਜਲ 'ਤੇ ਨਿਰਭਰਤਾ ਘੱਟ ਕੀਤੀ ਹੈ। ਕੇਂਦਰੀ ਧਰਤੀ ਹੇਠਲੇ ਪਾਣੀ ਦੇ ਬੋਰਡ ਅਤੇ ਰਾਜ ਸਰਕਾਰਾਂ ਵੱਲੋਂ ਤਿਆਰ ਕੀਤੇ ਗਏ ਜ਼ਮੀਨ ਹੇਠਲੇ ਪਾਣੀ ਦੇ ਸਰੋਤਾਂ ਦੇ ਕ੍ਰਮਵਾਰ ਮੁਲਾਂਕਣ ਨੇ ਭਾਰਤ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਜ਼ਮੀਨ ਹੇਠਲੇ ਪਾਣੀ ਦੀ ਸਥਿਤੀ ਵਿੱਚ ਉਤਸ਼ਾਹਜਨਕ ਸੁਧਾਰ ਦਿਖਾਇਆ ਹੈ। ਇਸੇ ਤਰ੍ਹਾਂ, ਨਦੀ ਅਤੇ ਝੀਲ ਸਫਾਈ ਅਭਿਆਸਾਂ ਨੇ ਕਈ ਜਲ ਸਰੋਤਾਂ ਨੂੰ ਆਮ ਵਰਤੋਂ ਲਈ ਆਸਾਨ ਬਣਾ ਦਿੱਤਾ ਹੈ। ਖਰਾਬ ਮਾਨਸੂਨ ਸਾਲ ਵਿੱਚ ਇਕ ਵੱਡੀ ਚਿੰਤਾ ਜਲ ਭੰਡਾਰਾਂ ਦਾ ਖਾਲੀ ਹੋਣਾ ਹੁੰਦੀ ਹੈ। ਪਿਛਲੇ 2 ਸਾਲਾਂ ਵਿੱਚ ਹੋਈ ਭਰਪੂਰ ਬਾਰਿਸ਼ ਦੇ ਕਾਰਨ (2024 ਅਤੇ 2025 ਦੋਵਾਂ ਵਿੱਚ ਮਾਨਸੂਨ ਦੌਰਾਨ 100 ਫ਼ੀਸਦੀ ਤੋਂ ਵੱਧ ਬਾਰਿਸ਼ ਹੋਈ) ਜਲ ਭੰਡਾਰ ਅਜੇ ਤੁਲਨਾਤਮਕ ਰੂਪ ਵਿੱਚ ਆਰਾਮਦਾਇਕ ਸਥਿਤੀ ਵਿੱਚ ਹਨ।

ਜਦੋਂ ਤੱਕ ਬਾਰਿਸ਼ ਦੀ ਕਮੀ ਅਸਲ ਵਿੱਚ ਬਹੁਤ ਤਿੱਖੀ ਨਾ ਹੋਵੇ, ਭਾਰਤ ਬਾਰਿਸ਼ ਦੀ ਬਹੁਤਾਤ ਦੀ ਤੁਲਨਾ ਵਿੱਚ ਕਮੀ ਨਾਲ ਨਜਿੱਠਣ ਲਈ ਬਿਹਤਰ ਤਿਆਰ ਦਿਸਦਾ ਹੈ, ਵਿਸ਼ੇਸ਼ ਤੌਰ 'ਤੇ ਜਦੋਂ ਇਸ ਦੇ ਕਾਰਨ ਹੜ੍ਹ ਅਤੇ ਆਫਤਾਂ ਆਉਂਦੀਆਂ ਹਨ। ਪਿਛਲੇ ਇਕ ਦਹਾਕੇ ਵਿੱਚ ਹਰ ਸਾਲ ਭਾਰੀ ਬਾਰਿਸ਼ ਦੀਆਂ ਘਟਨਾਵਾਂ ਦੇ ਨਤੀਜੇ ਵਜੋਂ ਘੱਟੋ-ਘੱਟ ਇਕ ਵੱਡੀ ਆਫਤ ਹੋਈ ਹੈ।

### ਪ੍ਰਭਾਵ ਇਕਸਾਰ ਨਹੀਂ

ਪੂਰੇ ਦੇਸ਼ ਦੇ ਲਈ ਮਾਨਸੂਨ ਦਾ ਅਗਾਊਂ-ਅਨੁਮਾਨ, ਜੋ ਅਪ੍ਰੈਲ ਵਿੱਚ ਕੀਤਾ ਜਾਂਦਾ ਹੈ, ਉਪਯੋਗੀ ਅਤੇ ਸੰਕੇਤਕ ਹੈ ਪਰ ਇਹ ਬਾਰਿਸ਼ ਵਿੱਚ ਉਮੀਦ ਕੀਤੀਆਂ ਸਮੇਂ ਅਤੇ ਸਥਾਨ ਦੀਆਂ ਵਿਭਿੰਨਤਾਵਾਂ ਬਾਰੇ ਕੁਝ ਨਹੀਂ ਕਹਿੰਦਾ। 92 ਫ਼ੀਸਦੀ ਬਾਰਿਸ਼ ਦੇ ਅਗਾਊਂ-ਅਨੁਮਾਨ ਦਾ ਮਤਲਬ ਇਹ ਨਹੀਂ ਹੈ ਕਿ ਦੇਸ਼ ਦੇ ਹਰ ਸਥਾਨ 'ਤੇ ਘੱਟ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਵਿਸ਼ੇਸ਼ ਖੇਤਰਾਂ ਅਤੇ ਮਹੀਨਿਆਂ ਲਈ ਅਗਾਊਂ-ਅਨੁਮਾਨ ਮਈ ਦੇ ਮਹੀਨੇ ਵਿੱਚ ਕੀਤੇ ਜਾਂਦੇ ਹਨ।

ਇਸ ਸਾਲ, ਹਾਲਾਂਕਿ, ਆਈ.ਐਮ.ਡੀ. ਨੇ ਇਸ ਗੱਲ ਦਾ ਸੰਕੇਤ ਦਿੱਤਾ ਹੈ ਕਿ ਵਿਅਕਤੀਗਤ ਖੇਤਰਾਂ ਅਤੇ ਮਹੀਨਿਆਂ ਲਈ ਕੀ ਸਥਿਤੀ ਹੋ ਸਕਦੀ ਹੈ। 'ਸਾਧਾਰਨ ਤੋਂ ਘੱਟ ਬਾਰਿਸ਼' ਲਗਭਗ ਪੂਰੇ ਦੇਸ਼ ਵਿੱਚ ਅਨੁਮਾਨਿਤ ਸੀ ਅਤੇ ਉੱਤਰ-ਪੂਰਬ, ਉੱਤਰ ਪੱਛਮ ਅਤੇ ਦੱਖਣੀ ਪ੍ਰਾਇਦੀਪੀ ਭਾਰਤ ਦੇ ਸਿਰਫ਼ ਕੁਝ ਖੇਤਰਾਂ ਵਿੱਚ ਸਾਧਾਰਨ ਜਾਂ ਸਾਧਾਰਨ ਤੋਂ ਵੱਧ ਬਾਰਿਸ਼ ਹੋਣ ਦੀ ਉਮੀਦ ਕੀਤੀ ਜਾ ਸਕਦੀ ਸੀ।

ਸੀਜ਼ਨ ਦੇ ਪਹਿਲੇ 2 ਮਹੀਨਿਆਂ (ਜੂਨ ਅਤੇ ਜੁਲਾਈ) ਵਿੱਚ ਬਾਰਿਸ਼ ਸਾਧਾਰਣ ਰਹਿਣ ਦੀ ਸੰਭਾਵਨਾ ਹੈ, ਜਦਕਿ ਦੂਜੀ ਛਿਮਾਹੀ (ਅਗਸਤ ਅਤੇ ਸਤੰਬਰ) ਦੇ ਖੁਸ਼ਕ ਰਹਿਣ ਦੀ ਉਮੀਦ ਹੈ, ਕਿਉਂਕਿ ਮਾਨਸੂਨ ਦੀ ਬਾਰਿਸ਼ ਨੂੰ ਦਬਾਉਣ ਦਾ ਮੁੱਖ ਕਾਰਨ, ਪੂਰਬੀ ਪ੍ਰਸ਼ਾਂਤ ਮਹਾਂਸਾਗਰ ਵਿੱਚ ਅਲ ਨੀਨੋ ਘਟਨਾ, ਜੁਲਾਈ ਵਿੱਚ ਕਦ ਸ਼ੁਰੂ ਹੋਣ ਦੀ ਉਮੀਦ ਹੈ ਅਤੇ ਭਾਰਤ 'ਤੇ ਇਸ ਦਾ ਪ੍ਰਭਾਵ ਆਮ ਤੌਰ 'ਤੇ 1 ਜਾਂ 2 ਮਹੀਨੇ ਦੇ ਫ਼ਰਕ ਤੋਂ ਬਾਅਦ ਮਹਿਸੂਸ ਕੀਤਾ ਜਾਂਦਾ ਹੈ। ਅਪ੍ਰੈਲ ਵਿੱਚ ਹੀ ਵਿਸ਼ੇਸ਼ ਮਹੀਨਿਆਂ ਅਤੇ ਖੇਤਰਾਂ ਦੌਰਾਨ ਸੰਭਾਵਿਤ ਪ੍ਰਭਾਵਾਂ ਦਾ ਸੰਕੇਤ ਦੇਣਾ ਆਪਣੇ ਅਗਾਊਂ-ਅਨੁਮਾਨਾਂ ਵਿੱਚ ਆਈ. ਐਮ. ਡੀ. ਦੇ ਵਧਦੇ ਆਤਮਵਿਸ਼ਵਾਸ ਦਾ ਪ੍ਰਤੀਕ ਹੈ।



# ਮਿੱਟੀ ਪਰਖ ਕਰਵਾਉਣ ਦਾ ਸਹੀ ਸਮਾਂ ਅਤੇ ਢੰਗ

ਹਰਸ਼ਨੀਤ ਸਿੰਘ ਸਰਾਂ ਅਤੇ ਮਨਪ੍ਰੀਤ ਸਿੰਘ ਮਾਵੀ,
ਭੂਮੀ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ

ਪੌਦਿਆਂ ਦੀ ਤੰਦਰੁਸਤੀ ਅਤੇ ਵਧੀਆ ਝਾੜ ਲਈ ਖੁਰਾਕੀ ਤੱਤਾਂ ਦਾ ਜ਼ਮੀਨ ਵਿੱਚ ਸਹੀ ਮਿਕਦਾਰ ਵਿੱਚ ਹੋਣਾ ਬਹੁਤ ਮਹੱਤਵਪੂਰਨ ਹੈ । ਇਸੇ ਲਈ ਖੇਤੀ ਵਿੱਚ ਇਹਨਾਂ ਤੱਤਾਂ ਦੀ ਪੂਰਤੀ ਲਈ ਵੱਖ ਖਾਦਾਂ ਦੀ ਵਰਤੋਂ ਕਰਨੀ ਪੈਂਦੀ ਹੈ । ਲਗਾਤਾਰ ਫ਼ਸਲਾਂ ਉਗਾਉਣ ਨਾਲ ਜ਼ਰੂਰੀ ਖੁਰਾਕੀ ਤੱਤਾਂ ਦੀ ਉਪਲਬਧਤਾ ਤੇ ਫਰਕ ਪੈਂਦਾ ਹੈ, ਜਿਸ ਨਾਲ ਫ਼ਸਲਾਂ ਦੇ ਝਾੜ ਤੇ ਅਸਰ ਪੈਂਦਾ ਹੈ । ਮਿੱਟੀ ਵਿੱਚ ਤੱਤਾਂ ਦੀ ਉਪਲਬਧਤਾ ਬਾਰੇ ਪਤਾ ਮਿੱਟੀ ਪਰਖ ਰਾਹੀਂ ਹੀ ਲਗਾਇਆ ਜਾ ਸਕਦਾ ਹੈ । ਜਦੋਂ ਅਸੀਂ ਫ਼ਸਲਾਂ ਵਿੱਚ ਰਸਾਇਣਕ ਖਾਦਾਂ ਦੀ ਵਰਤੋਂ ਬਿਨ੍ਹਾਂ ਮਿੱਟੀ ਪਰਖ ਕਰਵਾਏ ਹੀ ਕਰਦੇ ਹਾਂ ਤਾਂ ਫ਼ਸਲਾਂ ਤੋਂ ਪੂਰਾ ਝਾੜ ਨਹੀਂ ਮਿਲਦਾ ਅਤੇ ਜ਼ਮੀਨ ਦੀ ਸਿਹਤ ਵੀ ਖਰਾਬ ਹੁੰਦੀ ਹੈ । ਜ਼ਰੂਰਤ ਤੋਂ ਵੱਧ ਖਾਦਾਂ ਦੀ ਵਰਤੋਂ ਸਿਰਫ਼ ਖੇਤੀ ਖਰਚੇ ਹੀ ਨਹੀਂ ਵਧਾਉਂਦੀ ਹੈ, ਸਗੋਂ ਬਿਮਾਰੀਆਂ ਅਤੇ ਕੀੜੇ ਮਕੌੜਿਆਂ ਨਾਲ ਹੋਣ ਵਾਲੇ ਨੁਕਸਾਨ ਦਾ ਖਦਸ਼ਾ ਵੀ ਵਧਾਉਂਦੀ ਹੈ । ਇਸ ਲਈ ਇਹ ਜ਼ਰੂਰੀ ਹੈ ਕਿ ਸਮੇਂ-ਸਮੇਂ ਉੱਤੇ ਮਿੱਟੀ ਦੀ ਵੱਡੇ ਅਤੇ ਸੂਖਮ ਤੱਤਾਂ ਲਈ ਪਰਖ ਕਰਵਾਈ ਜਾਵੇ ਅਤੇ ਮਿੱਟੀ ਪਰਖ ਰਿਪੋਰਟ ਦੇ ਅਧਾਰ ਤੇ ਹੀ ਖਾਦਾਂ ਦੀ ਵਰਤੋਂ ਕੀਤੀ ਜਾਵੇ ।

**ਮਿੱਟੀ ਪਰਖ ਦਾ ਸਮਾਂ** : ਮਿੱਟੀ ਪਰਖ ਫ਼ਸਲ ਬੀਜਣ ਅਤੇ ਖਾਦਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਮਿੱਟੀ ਦੀ ਸਥਿਤੀ ਦਾ ਮੁਲਾਂਕਣ ਕਰਨ ਲਈ ਕੀਤੀ ਜਾਂਦੀ ਹੈ । ਇਸ ਲਈ ਮਿੱਟੀ ਪਰਖ ਕਰਨ ਲਈ ਸਾਲ ਦਾ ਸਭ ਤੋਂ ਉਚਿਤ ਸਮਾਂ ਫ਼ਸਲ ਬੀਜਣ ਅਤੇ ਖੇਤ ਦੀ ਵਾਹੀ ਤੋਂ ਪਹਿਲਾਂ ਹੁੰਦਾ ਹੈ, ਤਾਂ ਜੋ ਕਿਸਾਨ ਮਿੱਟੀ ਪਰਖ ਦੇ ਫਾਇਦੇ ਜਿਵੇਂ ਕਿ ਖਾਦਾਂ ਦੀ ਸੁਚੱਜੀ ਵਰਤੋਂ ਅਤੇ ਫ਼ਸਲ ਉਪਜ ਵਿੱਚ ਵਾਧਾ ਲੈ ਸਕਣ । ਜਿਵੇਂ ਕਿ ਪੰਜਾਬ ਵਿੱਚ ਪ੍ਰਮੁੱਖ ਫ਼ਸਲ ਪ੍ਰਣਾਲੀ ਕਣਕ-ਝੋਨਾ ਹੈ । ਇਸ ਲਈ ਮਿੱਟੀ ਪਰਖ ਲਈ ਢੁਕਵਾਂ ਸਮਾਂ ਕਣਕ ਦੀ ਵਾਢੀ ਤੋਂ ਬਾਅਦ ਅਤੇ ਝੋਨੇ ਦੀ ਬਿਜਾਈ ਤੋਂ ਪਹਿਲਾਂ ਹੈ ।

**ਮਿੱਟੀ ਦਾ ਨਮੂਨਾ ਲੈਣ ਲਈ ਵਰਤੇ ਜਾਂਦੇ ਔਜ਼ਾਰ** : ਮਿੱਟੀ ਦਾ ਨਮੂਨਾ ਲੈਣ ਲਈ ਵੱਖ-ਵੱਖ ਸਾਜ਼ੋ ਸਾਮਾਨ ਜਿਵੇਂ ਕਿ ਕਹੀ, ਖੁਰਪਾ, ਔਗਰ (ਟਿਊਬ ਜਾਂ ਸਕਰੂ ਕਿਸਮ), ਬਾਲਟੀ ਜਾਂ ਬੱਠਲ (ਤਸਲਾ), ਕੱਪੜੇ ਦੀ ਥੈਲੀ, ਮੋਟਾ ਕਾਗਜ਼, ਫ਼ੁੱਟਾ ਅਤੇ ਲਿਖਣ ਲਈ ਮਾਰਕਰ ਦੀ ਲੋੜ ਹੁੰਦੀ ਹੈ । ਨਰਮ ਅਤੇ ਗਿੱਲੀ ਜ਼ਮੀਨ ਤੋਂ ਨਮੂਨਾ ਲੈਣ ਲਈ ਟਿਊਬ ਔਗਰ, ਕਹੀ ਜਾਂ ਖੁਰਪੀ ਦੀ ਅਤੇ ਸੁੱਕੀ ਸਖ਼ਤ ਥਾਂ ਤੋਂ ਨਮੂਨਾ ਲੈਣ ਲਈ ਸਕਰੂ ਔਗਰ ਦੀ ਵਰਤੋਂ ਕਰੋ ।

**ਨਮੂਨਾ ਲੈਣ ਦਾ ਢੰਗ** : ਫ਼ਸਲ ਉਤਪਾਦਨ ਵਾਸਤੇ ਖਾਦਾਂ ਦੀ ਸਿਫ਼ਾਰਸ਼ ਲਈ ਮਿੱਟੀ ਦਾ ਨਮੂਨਾ ਜ਼ਮੀਨ ਦੀ ਉਪਰਲੀ 6 ਇੰਚ ਤਹਿ ਤੋਂ ਲਿਆ



ਜਾਂਦਾ ਹੈ । ਨਮੂਨਾ ਲੈਣ ਤੋਂ ਪਹਿਲਾਂ ਜ਼ਮੀਨ ਦੀ ਉਪਰਲੀ ਤਹਿ ਤੋਂ ਘਾਹ ਫੂਸ ਨੂੰ ਖੁਰਪੇ ਨਾਲ ਖੁਰਚ ਕੇ ਪਾਸੇ ਕਰ ਦੇਣਾ ਚਾਹੀਦਾ ਹੈ । ਫਿਰ ਖੁਰਪੇ ਜਾਂ ਕਹੀ ਨਾਲ 15 ਸੈਂਟੀਮੀਟਰ (6 ਇੰਚ) ਡੂੰਘਾ "V" ਆਕਾਰ ਦਾ ਕੱਟ ਲਾਉਂਦੇ ਹੋਏ ਟੋਏ ਵਿੱਚੋਂ ਮਿੱਟੀ ਬਾਹਰ ਕੱਢ ਦਿਓ । ਫਿਰ "V" ਆਕਾਰ ਦੇ ਇਸ ਟੋਏ ਦੇ ਇੱਕ ਪਾਸਿਉਂ 1 ਇੰਚ ਮਿੱਟੀ ਦੀ ਮੋਟੀ ਪਰਤ, ਉਪਰੋਂ ਹੇਠਾਂ ਵੱਲ ਨੂੰ ਜਾਂਦੇ ਹੋਏ ਇਕਸਾਰ ਇਕੱਠੀ ਕਰੋ । ਇਸ ਵਿਧੀ ਰਾਹੀਂ ਇਕ ਏਕੜ ਤੋਂ ਲਗਭਗ 7-8 ਥਾਵਾਂ ਤੋਂ ਨਮੂਨਾ ਲਓ ਤਾਂ ਜੋ ਇਹ ਨਮੂਨਾ ਸਾਰੇ ਖੇਤ ਦੀ ਮਿੱਟੀ ਨੂੰ ਦਰਸਾਉਂਦਾ ਹੋਵੇ । ਇਕੱਠੀ ਕੀਤੀ ਮਿੱਟੀ ਨੂੰ ਸਾਫ਼ ਬਾਲਟੀ, ਬੱਠਲ (ਤਸਲੇ) ਜਾਂ ਕੱਪੜੇ ਉੱਤੇ ਰਲਾਓ ਤਾਂ ਜੋ ਸਾਰੀ ਮਿੱਟੀ ਚੰਗੀ ਤਰ੍ਹਾਂ ਰਲ ਜਾਵੇ । ਜੇਕਰ ਮਿੱਟੀ ਵਿੱਚ ਰੋੜੀ ਜਾਂ ਕੰਕਰ ਹੋਵੇ ਤਾਂ ਉਸ ਨੂੰ ਮਿੱਟੀ ਵਿੱਚ ਹੀ ਰਹਿਣ ਦਿਉ । ਇਸ ਰਲੀ ਹੋਈ ਮਿੱਟੀ ਵਿੱਚੋਂ ਲਗਭਗ ਅੱਧਾ ਕਿਲੋ ਮਿੱਟੀ ਦੇ ਨਮੂਨੇ ਨੂੰ ਕੱਪੜੇ ਦੀ ਇੱਕ ਸਾਫ਼ ਥੈਲੀ ਵਿੱਚ ਭਰ ਕੇ ਉਸ ਉੱਤੇ ਪੈੱਨ ਜਾਂ ਮਾਰਕਰ ਨਾਲ ਆਪਣਾ ਨਾਮ, ਪਿਤਾ ਦਾ ਨਾਮ, ਖੇਤ ਦਾ ਨੰਬਰ, ਪਿੰਡ, ਬਲਾਕ, ਡਾਕਖਾਨਾ ਅਤੇ ਜ਼ਿਲ੍ਹਾ ਲਿਖੋ । ਇਹ ਸਾਰਾ ਵੇਰਵਾ ਇੱਕ ਕਾਗਜ਼ ਤੇ ਵੀ ਸਾਫ਼-ਸਾਫ਼ ਲਿਖ ਕੇ ਥੈਲੀ ਵਿੱਚ ਪਾ ਦਿਓ । ਇਸ ਸਾਰੀ ਸੂਚਨਾ ਤੋਂ ਇਲਾਵਾ ਖੇਤ ਵਿੱਚ ਅਪਣਾਏ ਗਏ ਫ਼ਸਲੀ ਚੱਕਰ, ਵਰਤੀਆਂ ਗਈਆਂ ਖਾਦਾਂ ਦੀ ਸੰਖੇਪ ਜਾਣਕਾਰੀ, ਸਿੰਚਾਈ ਦਾ ਸਾਧਨ, ਕੋਈ ਖਾਸ ਸਮੱਸਿਆ (ਜੇ ਕੋਈ ਹੋਵੇ) ਪਰਚੀ ਉੱਤੇ ਲਿਖ ਕੇ ਮਿੱਟੀ ਪਰਖ ਪ੍ਰਯੋਗਸ਼ਾਲਾ ਵਿੱਚ ਜਮ੍ਹਾਂ ਕਰਵਾ ਦਿਉ ।

**ਕੱਲਰ ਸੁਧਾਰ ਵਾਸਤੇ** : ਜ਼ਮੀਨ ਵਿੱਚ ਕੱਲਰ ਦੀ ਪਰਖ ਕਰਵਾਉਣ ਲਈ 3 ਫ਼ੁੱਟ ਡੂੰਘਾ ਟੋਆ ਪੁੱਟੋ ਜਿਸ ਦਾ ਇਕ ਪਾਸਾ ਸਿੱਧਾ ਅਤੇ ਦੂਜਾ ਤਿਰਛਾ ਹੋਵੇ । ਇਸ ਟੋਏ ਦੇ ਸਿੱਧੇ ਪਾਸੇ ਤੋਂ ਖੁਰਪੇ ਨਾਲ 0-6 ਇੰਚ (0-1/2 ਫ਼ੁੱਟ), 6-12 ਇੰਚ (1/2-1 ਫ਼ੁੱਟ), 12-24 ਇੰਚ (1-2 ਫ਼ੁੱਟ) ਅਤੇ 24-36 ਇੰਚ (2-3 ਫ਼ੁੱਟ) ਦੀ ਡੂੰਘਾਈ ਤੋਂ ਇਕ ਇੰਚ ਮੋਟੀ ਮਿੱਟੀ ਦੀ ਪਰਤ, ਉਪਰੋਂ ਹੇਠਾਂ ਵੱਲ ਨੂੰ ਜਾਂਦੇ ਹੋਏ ਇਕਸਾਰ ਇਕੱਠੀ ਕਰੋ । ਹਰ ਨਮੂਨੇ ਲਈ ਅਲੱਗ-ਅਲੱਗ ਡੂੰਘਾਈ ਤੋਂ ਅੱਧਾ ਕਿਲੋ ਮਿੱਟੀ ਲਓ । ਹਰ ਡੂੰਘਾਈ ਦੇ ਨਮੂਨੇ ਨੂੰ ਕੱਪੜੇ ਦੀ ਸਾਫ਼ ਥੈਲੀ ਵਿੱਚ ਪਾਓ ਅਤੇ ਇਸ ਉਪਰ ਜਾਣਕਾਰੀ ਦਿਓ; ਖੇਤ ਨੰਬਰ, ਨਮੂਨੇ ਦੀ ਡੂੰਘਾਈ, ਕਿਸਾਨ ਦਾ ਨਾਮ, ਪਤਾ, ਨਮੂਨਾ ਲੈਣ ਦੀ ਤਰੀਕ ਆਦਿ ।

**ਬਾਗ ਲਾਉਣ ਵਾਸਤੇ** : ਖੇਤ ਵਿੱਚ ਬਾਗ ਲਗਾਉਣ ਤੋਂ ਪਹਿਲਾਂ ਮਿੱਟੀ ਪਰਖ ਲਈ ਮਿੱਟੀ ਦਾ ਨਮੂਨਾ 6 ਫ਼ੁੱਟ ਡੂੰਘਾਈ ਤੱਕ ਲਿਆ ਜਾਂਦਾ ਹੈ । ਖੇਤ ਦੇ ਵਿਚਾਲੇ 6 ਫ਼ੁੱਟ ਡੂੰਘਾ ਟੋਆ ਪੁੱਟੋ ਜਿਸ ਦਾ ਇਕ ਪਾਸਾ ਸਿੱਧਾ ਅਤੇ ਦੂਜਾ ਤਿਰਛਾ ਹੋਵੇ । ਇਸ ਟੋਏ ਦੇ ਸਿੱਧੇ ਪਾਸੇ ਤੋਂ ਖੁਰਪੇ ਨਾਲ 0-6 ਇੰਚ (0-1/2 ਫ਼ੁੱਟ), 6-12 ਇੰਚ (1/2-1 ਫ਼ੁੱਟ), 12-24 ਇੰਚ (1-2 ਫ਼ੁੱਟ), 24-36 ਇੰਚ (2-3 ਫ਼ੁੱਟ), 36-48 ਇੰਚ (3-4 ਫ਼ੁੱਟ), 48-60 ਇੰਚ (4-5 ਫ਼ੁੱਟ) ਅਤੇ 60-72 ਇੰਚ (5-6 ਫ਼ੁੱਟ) ਦੀ ਡੂੰਘਾਈ ਤੋਂ ਇਕ ਇੰਚ ਮੋਟੀ ਮਿੱਟੀ ਦੀ ਪਰਤ, ਉਪਰੋਂ ਹੇਠਾਂ ਵੱਲ ਨੂੰ ਜਾਂਦੇ ਹੋਏ ਇਕਸਾਰ ਇਕੱਠੀ ਕਰੋ । ਹਰ ਨਮੂਨੇ ਲਈ ਅਲੱਗ-ਅਲੱਗ ਡੂੰਘਾਈ ਤੋਂ ਅੱਧਾ ਕਿਲੋ ਮਿੱਟੀ ਲਓ । ਇਸ ਤਰ੍ਹਾਂ ਨਾਲ ਕੁੱਲ 7 ਨਮੂਨੇ ਹੋ ਜਾਣਗੇ । ਜੇ ਕਿਤੇ ਰੋੜਾਂ ਦੀ ਤਹਿ ਹੋਵੇ ਤਾਂ ਉਸ ਦਾ ਨਮੂਨਾ ਅਲੱਗ ਲੈ ਕੇ ਵੱਖਰੀ ਥੈਲੀ ਵਿੱਚ ਪਾ ਲਓ । ਇਸ ਬਾਰੇ ਜਾਣਕਾਰੀ ਵੀ ਲਿਖੋ ਜਿਵੇਂ ਕਿ ਰੋੜਾਂ ਵਾਲੀ ਤਹਿ ਦੀ ਡੂੰਘਾਈ ਅਤੇ ਮੋਟਾਈ ।

ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/- ਰੁਪਏ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਡਾਕ ਰਾਹੀਂ ਪ੍ਰਾਪਤ ਕਰਨ ਲਈ
ਇੱਕ ਸਾਲ 500/- ਰੁਪਏ
ਦੋ ਸਾਲ 800/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com

# ਸਾਉਣੀ ਦੀਆਂ ਫ਼ਸਲਾਂ ਵਿੱਚ ਪਾਣੀ ਦੀ ਕੁਸ਼ਲ ਵਰਤੋਂ ਲਈ ਤਕਨੀਕਾਂ

ਜ਼ਮੀਨੀ ਪਾਣੀ ਦੇ ਲਗਾਤਾਰ ਘਟਦੇ ਪੱਧਰ, ਵੱਧ ਰਹੀਆਂ ਬਿਜਲੀ ਸਬਸਿਡੀਆਂ ਅਤੇ ਵਧ ਰਹੇ ਉਤਪਾਦਨ ਖਰਚ ਨੂੰ ਧਿਆਨ ਵਿੱਚ ਰੱਖਦਿਆਂ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਸਾਉਣੀ ਦੀਆਂ ਪ੍ਰਮੁੱਖ ਫ਼ਸਲਾਂ ਵਿੱਚ ਹੇਠ ਲਿਖੀਆਂ ਤਕਨੀਕਾਂ ਨੂੰ ਅਪਣਾ ਕੇ ਪਾਣੀ ਦੀ ਸੰਜਮ ਨਾਲ ਵਰਤੋਂ ਕੀਤੀ ਜਾ ਸਕਦੀ ਹੈ।



ਸੁਖਪ੍ਰੀਤ ਸਿੰਘ, ਵਿਨੈ ਕੁਮਾਰ ਸਿੱਧੂ ਅਤੇ ਅਜਮੇਰ ਸਿੰਘ ਬਰਾੜ,
ਫ਼ਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ
(ਮੋ. 81468-00557)

**ਝੋਨਾ** : ਪੰਜਾਬ ਵਿੱਚ ਝੋਨੇ ਦੀ ਪਾਣੀ ਦੀ ਲੋੜ 120 ਤੋਂ 160 ਸੈਂਟੀਮੀਟਰ ਹੈ ਜੋ ਕਿਸਮਾਂ ਦੀ ਚੋਣ, ਲੁਆਈ ਦਾ ਸਮਾਂ ਅਤੇ ਸਿੰਚਾਈ ਦੇ ਤਰੀਕੇ ਤੇ ਨਿਰਭਰ ਕਰਦੀ ਹੈ। ਪਾਣੀ ਦੇ ਸਰੋਤਾਂ ਦੀ ਸੰਭਾਲ ਲਈ, ਝੋਨੇ ਦੇ ਫ਼ਸਲ ਵਾਲਾ ਕੁਝ ਰਕਬਾ ਹੋਰ ਫ਼ਸਲਾਂ ਜਿਵੇਂ ਕਿ ਨਰਮਾ, ਬਾਸਮਤੀ, ਮੱਕੀ, ਦਾਲਾਂ ਜਾਂ ਬਾਗਬਾਨੀ ਫ਼ਸਲਾਂ ਹੇਠ ਲਿਆਉਣਾ ਪਵੇਗਾ ਅਤੇ ਨਾਲ-ਨਾਲ ਹੀ ਝੋਨੇ ਦੀ ਫ਼ਸਲ ਦੇ ਵਿੱਚ ਵੀ ਵਿਗਿਆਨਿਕ ਤਕਨੀਕਾਂ ਅਪਣਾ ਕੇ ਸਿੰਚਾਈ ਵਾਲੇ ਪਾਣੀ ਦੀ ਬਚਤ ਕਰਨੀ ਪਵੇਗੀ।

ਝੋਨੇ ਦੀ ਕਾਸ਼ਤ ਜ਼ਿਆਦਾ ਵਾਸ਼ਪੀਕਰਨ ਵਾਲੇ ਮੌਸਮ ਵਿੱਚ ਕੀਤੀ ਜਾਂਦੀ ਹੈ। ਇਸ ਲਈ ਝੋਨੇ ਦੀਆਂ ਲੰਬੇ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਲਗਾਉਣ ਨਾਲ ਸਿੰਚਾਈ ਵਾਲੇ ਪਾਣੀ ਦੀ ਲੋੜ ਵੱਧ ਜਾਂਦੀ ਹੈ। ਯੂਨੀਵਰਸਿਟੀ ਵੱਲੋਂ



ਪ੍ਰਮਾਣਿਤ ਝੋਨੇ ਦੀਆਂ ਥੋੜੇ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ ਆਰ 133, ਪੀ ਆਰ 132, ਪੀ ਆਰ 131, ਪੀ ਆਰ 130, ਪੀ ਆਰ 128, ਪੀ ਆਰ 126, ਪੀ ਆਰ 121 ਆਦਿ ਨੂੰ ਤਰਜੀਹ ਦੇਣੀ ਚਾਹੀਦੀ ਹੈ। ਲੰਬੇ ਸਮੇਂ ਦੀਆਂ ਕਿਸਮਾਂ ਜਿਵੇਂ ਪੂਸਾ 44/ਪੀਲੀ ਪੂਸਾ/ਡੋਗਰ ਪੂਸਾ ਦੀ ਕਾਸ਼ਤ ਤੋਂ ਗੁਰੇਜ ਕਰੋ।

ਪੀ. ਏ. ਯੂ. ਨੇ ਸਿਫ਼ਾਰਸ਼ ਕੀਤੀ ਹੈ ਕਿ ਝੋਨੇ ਦੀ ਪਨੀਰੀ 20 ਮਈ ਤੋਂ ਪਹਿਲਾਂ ਨਾ ਬੀਜੀ ਜਾਵੇ ਅਤੇ 20 ਜੂਨ ਤੋਂ ਪਹਿਲਾਂ ਇਸ ਦੀ ਖੇਤ ਵਿੱਚ ਲੁਆਈ ਨਾ ਕੀਤੀ ਜਾਵੇ। ਕੱਦੂ ਕੀਤੇ ਖੇਤ ਵਿੱਚ ਪਨੀਰੀ ਲਾਉਣ ਪਿੱਛੋਂ 2 ਹਫ਼ਤੇ ਤੱਕ ਪਾਣੀ ਖੇਤ ਵਿੱਚ ਖੜ੍ਹਾ ਰੱਖਣਾ ਜ਼ਰੂਰੀ ਹੈ। ਇਸ ਲਈ ਪਨੀਰੀ ਦੇ ਬੂਟੇ ਖੇਤ ਵਿੱਚ ਚੰਗੀ ਤਰ੍ਹਾਂ ਜੰਮ ਜਾਂਦੇ ਹਨ, ਨਦੀਨ ਘੱਟ ਉਗਦੇ ਹਨ ਅਤੇ ਲੁਆਈ ਸਮੇਂ ਵਰਤੇ ਗਏ ਨਦੀਨਨਾਸ਼ਕ ਚੰਗੀ ਤਰ੍ਹਾਂ ਅਸਰ ਕਰਦੇ ਹਨ। ਲੁਆਈ ਦੇ ਦੋ ਹਫ਼ਤਿਆਂ ਤੋਂ ਬਾਅਦ ਖੇਤ ਵਿੱਚ ਲਗਾਤਾਰ ਪਾਣੀ ਖੜ੍ਹਾ ਰੱਖਣਾ ਜ਼ਰੂਰੀ ਨਹੀਂ। ਲੁਆਈ ਦੇ ਦੋ ਹਫ਼ਤਿਆਂ ਪਿੱਛੋਂ ਖੇਤ ਨੂੰ ਪਾਣੀ ਪਿਛਲੀ ਸਿੰਚਾਈ ਵਾਲੇ ਪਾਣੀ ਦੇ ਜ਼ਮੀਨ ਵਿੱਚ ਜ਼ੀਰਨ ਤੋਂ 2 ਦਿਨ ਬਾਅਦ ਹੀ ਦੇਣਾ ਚਾਹੀਦਾ ਹੈ। ਕਿਸਾਨ ਵੀਰਾਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਜ਼ਮੀਨ ਵਿੱਚ ਤ੍ਰੇੜਾਂ ਨਾ ਪੈਣ। ਫ਼ਸਲ ਪੱਕਣ ਤੋਂ ਦੋ ਹਫ਼ਤੇ ਪਹਿਲਾਂ ਪਾਣੀ ਦੇਣਾ ਬੰਦ ਕਰ ਦਿਉ ਤਾਂ ਕਿ ਕਟਾਈ ਸੌਖੀ ਹੋ ਸਕੇ। ਇਸ ਤਰ੍ਹਾਂ ਸਿੰਚਾਈ ਵਾਲੇ ਪਾਣੀ ਦੀ 15 ਤੋਂ 20 ਪ੍ਰਤੀਸ਼ਤ ਬੱਚਤ ਹੋ ਜਾਂਦੀ ਹੈ ਅਤੇ ਫ਼ਸਲ ਦੇ ਝਾੜ ਤੇ ਵੀ ਕੋਈ ਮਾੜਾ ਅਸਰ ਨਹੀਂ ਪੈਂਦਾ।

ਝੋਨੇ ਦੀ ਸਿੱਧੀ ਬਿਜਾਈ ਕੱਦੂ ਕਰਕੇ ਝੋਨਾ ਲਾਉਣ ਦਾ ਇੱਕ ਬਦਲ ਹੈ, ਜਿਸ ਨਾਲ 10-20 ਫ਼ੀਸਦੀ ਪਾਣੀ ਦੀ ਬੱਚਤ ਵੀ ਕੀਤੀ ਜਾ ਸਕਦੀ ਹੈ। ਜੇਕਰ ਝੋਨੇ ਦੀ ਬਿਜਾਈ ਤਰ-ਵੱਤਰ ਖੇਤ ਵਿੱਚ ਕੀਤੀ ਗਈ ਹੋਵੇ ਤਾਂ ਪਹਿਲੀ ਸਿੰਚਾਈ ਬਿਜਾਈ ਤੋਂ ਤਕਰੀਬਨ 21 ਦਿਨਾਂ ਤੇ ਲਾਉ।



ਇਸ ਤੋਂ ਬਾਅਦ ਜ਼ਮੀਨ ਦੀ ਕਿਸਮ ਦੇ ਆਧਾਰ ਤੇ 5-7 ਦਿਨਾਂ ਦੇ ਵਕਫ਼ੇ ਤੇ ਪਾਣੀ ਦੇਣਾ ਚਾਹੀਦਾ ਹੈ। ਜੇਕਰ ਝੋਨੇ ਦੀ ਸਿੱਧੀ ਬਿਜਾਈ ਸੁੱਕੇ ਖੇਤ ਵਿੱਚ ਕੀਤੀ ਹੋਵੇ ਤਾਂ ਪਹਿਲੀ ਸਿੰਚਾਈ ਬਿਜਾਈ ਤੋਂ ਤੁਰੰਤ ਬਾਅਦ ਕਰੋ ਅਤੇ ਦੂਜੀ ਸਿੰਚਾਈ 4-5 ਦਿਨਾਂ ਬਾਅਦ ਕਰੋ। ਬਰਸਾਤ ਦੇ ਅਧਾਰ ਤੇ ਸਿੰਚਾਈ ਦੇ ਵਕਫ਼ੇ ਨੂੰ ਨਿਰਧਾਰਿਤ ਕਰੋ। ਆਖਰੀ ਪਾਣੀ ਝੋਨਾ ਕੱਟਣ ਤੋਂ ਦਸ ਦਿਨ ਪਹਿਲਾਂ ਦਿਉ। ਭਾਰੀਆਂ ਜ਼ਮੀਨਾਂ ਵਿੱਚ ਝੋਨੇ ਦੀ ਲੁਆਈ ਬੈੱਡਾਂ ਤੇ ਕੀਤੀ ਜਾ ਸਕਦੀ ਹੈ। ਇਸ ਤਰੀਕੇ ਨਾਲ 25 ਫ਼ੀਸਦੀ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਝਾੜ ਤੇ ਵੀ ਕੋਈ ਮਾੜਾ ਅਸਰ ਨਹੀਂ ਪੈਂਦਾ।

**ਨਰਮਾ/ਕਪਾਹ** : ਨਰਮੇ ਦੀ ਫ਼ਸਲ ਦੀ ਸਿੰਚਾਈ ਵਾਲੇ ਪਾਣੀ ਦੀ ਲੋੜ ਝੋਨੇ ਦੇ ਮੁਕਾਬਲੇ ਬਹੁਤ ਘੱਟ ਹੁੰਦੀ ਹੈ। ਇਸ ਲਈ ਪੰਜਾਬ ਦੇ ਪਾਣੀ ਦੇ ਸੋਮਿਆਂ ਨੂੰ ਬਚਾਉਣ ਲਈ ਇਸ ਫ਼ਸਲ ਹੇਠ ਰਕਬੇ ਨੂੰ ਵਧਾਉਣ ਦੀ ਲੋੜ ਹੈ। ਵਰਖਾ ਦੇ ਆਧਾਰ ਤੇ ਨਰਮੇ ਦੀ ਫ਼ਸਲ ਨੂੰ ਕੁੱਲ 4 ਤੋਂ 6 ਪਾਣੀ ਲਗਦੇ ਹਨ। ਪਹਿਲਾ ਪਾਣੀ ਬਿਜਾਈ ਤੋਂ 4 ਤੋਂ 6 ਹਫ਼ਤੇ ਬਾਅਦ ਅਤੇ ਬਾਅਦ ਵਿੱਚ ਵਰਖਾ ਅਨੁਸਾਰ ਪਾਣੀ 2 ਤੋਂ 3 ਹਫ਼ਤਿਆਂ ਦੇ ਵਕਫ਼ੇ ਤੇ ਲਗਾਉਣੇ ਚਾਹੀਦੇ ਹਨ। ਫ਼ਸਲ ਨੂੰ ਫੁੱਲ ਨਿਕਲਣ ਅਤੇ ਫ਼ਲ ਪੈਣ ਸਮੇਂ ਪਾਣੀ ਦੀ ਘਾਟ ਨਹੀਂ ਆਉਣ ਦੇਣੀ ਚਾਹੀਦੀ। ਪੀ. ਏ. ਯੂ. ਨੇ ਨਰਮੇ ਦੀ ਫ਼ਸਲ ਵਿੱਚ ਸਤ੍ਹਾ ਉਪਰਲੀ ਅਤੇ ਧਰਤੀ ਦੀ ਸਤ੍ਹਾ ਹੇਠਲੀ ਤੁਪਕਾ ਸਿੰਚਾਈ ਪ੍ਰਣਾਲੀ ਦੀ ਵੀ ਸਿਫ਼ਾਰਸ਼ ਕੀਤੀ ਜਿਸ ਨੂੰ ਅਪਣਾਉਣ ਨਾਲ 40 ਫ਼ੀਸਦੀ ਪਾਣੀ ਅਤੇ 20 ਫ਼ੀਸਦੀ ਨਾਈਟ੍ਰੋਜਨ ਦੀ ਬੱਚਤ ਹੁੰਦੀ ਹੈ।

**ਮੱਕੀ** : ਮੱਕੀ ਦੀ ਬਿਜਾਈ ਮਈ ਦੇ ਅਖੀਰਲੇ ਹਫ਼ਤੇ ਤੋਂ ਅੱਧ ਜੂਨ ਤੱਕ ਖਾਲੀਆਂ ਵਿੱਚ ਕੀਤੀ ਜਾ ਸਕਦੀ ਹੈ ਜਿਸ ਨਾਲ ਖੁਸ਼ਕ ਅਤੇ ਗਰਮ ਮੌਸਮ ਵਿੱਚ ਪਾਣੀ ਘੱਟ ਅਤੇ ਸੌਖਾ ਲੱਗਦਾ ਹੈ। ਆਮ ਤੌਰ ਤੇ ਮੱਕੀ ਨੂੰ 4-6 ਪਾਣੀਆਂ ਦੀ ਲੋੜ ਹੁੰਦੀ ਹੈ, ਪਰ ਪਾਣੀਆਂ ਦੀ ਗਿਣਤੀ ਵਰਖਾ ਤੇ ਨਿਰਭਰ ਕਰਦੀ ਹੈ। ਫ਼ਸਲ ਨੂੰ ਕਿਸੇ ਸਮੇਂ ਵੀ ਪਾਣੀ ਦੀ ਘਾਟ ਨਹੀਂ ਆਉਣ ਦੇਣੀ ਚਾਹੀਦੀ ਖਾਸ ਕਰਕੇ ਮੱਕੀ ਦਾ ਨਿੱਸਰਣ ਅਤੇ ਸੂਤ ਕੱਤਣ



ਸਮੇਂ। ਛੋਟੀ ਉਮਰ ਦੀ ਮੱਕੀ ਵਿੱਚ ਪਾਣੀ ਖੜ੍ਹਾ ਹੋਣ ਨਾਲ ਫ਼ਸਲ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਸਕਦਾ ਹੈ। ਫ਼ਸਲ ਨੂੰ ਖੜ੍ਹੇ ਪਾਣੀ ਤੋਂ ਬਚਾਉਣ ਲਈ ਖੇਤ ਦੇ ਨੀਵੇਂ ਪਾਸੇ ਵੱਲ ਇੱਕ ਲੋੜੀਂਦੀ ਨਿਕਾਸ ਨਾਲੀ ਬਣਾਓ ਤਾਂ ਜੋ ਵਾਧੂ ਪਾਣੀ ਬਾਹਰ ਕੱਢਿਆ ਜਾ ਸਕੇ। ਬੈੱਡਾਂ ਜਾਂ ਵੱਟਾਂ ਤੇ ਬਿਜਾਈ ਨਾਲ ਵੀ ਮੱਕੀ ਦੇ ਉਗਣ ਸਮੇਂ ਜ਼ਿਆਦਾ ਬਾਰਿਸ਼ ਨਾਲ ਖੜ੍ਹੇ ਪਾਣੀ ਦੇ ਨੁਕਸਾਨ ਤੋਂ ਬੱਚਤ ਹੋ ਜਾਂਦੀ ਹੈ। ਜੇਕਰ ਜ਼ਿਆਦਾ ਪਾਣੀ ਨਾਲ ਨੁਕਸਾਨ ਹੋ ਜਾਵੇ ਤਾਂ 6 ਕਿਲੋ ਯੂਰੀਆ 200 ਲਿਟਰ ਪਾਣੀ (3 ਪ੍ਰਤੀਸ਼ਤ) ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਹਫ਼ਤੇ ਦੇ ਫ਼ਰਕ ਤੇ ਦੋ ਵਾਰ ਛਿੜਕਾਅ ਕਰੋ। ਜੇਕਰ ਨੁਕਸਾਨ ਦਰਮਿਆਨੇ ਤੋਂ ਭਾਰੀ ਹੋ ਜਾਵੇ ਤਾਂ ਫ਼ਸਲ ਵਿੱਚੋਂ ਪਾਣੀ ਕੱਢਣ ਮਗਰੋਂ 25-50 ਕਿਲੋ ਯੂਰੀਆ ਪ੍ਰਤੀ ਏਕੜ ਹੋਰ ਪਾਉ। ਮੱਕੀ-ਕਣਕ-ਗਰਮੀ ਰੁੱਤ ਦੀ ਮੂੰਗੀ ਫ਼ਸਲੀ ਚੱਕਰ ਲਈ ਧਰਤੀ ਦੀ ਸਤ੍ਹਾਂ ਹੇਠ ਤੁਪਕਾ ਸਿੰਚਾਈ ਪ੍ਰਣਾਲੀ ਦੀ ਸਿਫ਼ਾਰਸ਼ ਕੀਤੀ ਗਈ ਹੈ ਤਾਂ ਜੋ ਇਸ ਫ਼ਸਲੀ ਚੱਕਰ ਤੋਂ ਘੱਟ ਪਾਣੀ ਅਤੇ ਘੱਟ ਖੁਰਾਕੀ ਤੱਤਾਂ ਨਾਲ ਵਧੇਰੇ ਝਾੜ ਅਤੇ ਆਮਦਨ ਲਈ ਜਾ ਸਕੇ।

**ਦਾਲਾਂ (ਮੂੰਗੀ, ਮਾਂਹ, ਅਰਹਰ, ਸੋਇਆਬੀਨ)** : ਮੂੰਗੀ ਅਤੇ ਮਾਂਹ ਦੀ ਸਾਉਣੀ ਦੀ ਫ਼ਸਲ ਨੂੰ ਆਮ ਤੌਰ ਤੇ ਸਿੰਚਾਈ ਦੀ ਲੋੜ ਨਹੀਂ ਹੁੰਦੀ ਅਤੇ ਇਹਨਾਂ ਨੂੰ ਬਾਰਸ਼ਾਂ ਦੇ ਪਾਣੀ ਨਾਲ ਹੀ ਉਗਾਇਆ ਜਾ ਸਕਦਾ ਹੈ। ਹਾਲਾਂਕਿ ਜੇ ਬਾਰਿਸ਼ ਲੰਬੇ ਸਮੇਂ ਨਹੀਂ ਹੁੰਦੀ ਤਾਂ ਇਕ ਪਾਣੀ ਦੇ ਦੇਣਾ ਚਾਹੀਦਾ ਹੈ। ਅਰਹਰ ਅਤੇ ਸੋਇਆਬੀਨ ਨੂੰ ਬਾਰਿਸ਼ਾਂ ਦੇ ਅਧਾਰ ਤੇ 3-4 ਪਾਣੀਆਂ ਦੀ ਜ਼ਰੂਰਤ ਹੁੰਦੀ ਹੈ। ਅੱਧ ਸਤੰਬਰ ਤੋਂ ਬਾਅਦ ਅਰਹਰ ਨੂੰ ਪਾਣੀ ਨਾ ਲਾਉ ਪਰ ਸੋਇਆਬੀਨ ਨੂੰ ਫ਼ਲੀਆਂ ਲੱਗਣ ਸਮੇਂ ਇੱਕ ਪਾਣੀ ਬੇਹੱਦ ਲੋੜੀਂਦਾ ਹੈ। ਅਰਹਰ ਅਤੇ ਸੋਇਆਬੀਨ ਨੂੰ ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਵਿੱਚ ਬੈੱਡਾਂ ਤੇ ਵੀ ਬੀਜਿਆ ਜਾ ਸਕਦਾ ਹੈ। ਇਸ ਤਰ੍ਹਾਂ ਖਾਲਾਂ ਵਿੱਚ ਸਿੰਚਾਈ ਕਰਕੇ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ ਅਤੇ ਨਾਲ ਹੀ ਫ਼ਸਲ ਨੂੰ ਮੀਂਹ ਦੇ ਮਾੜੇ ਪ੍ਰਭਾਵ ਤੋਂ ਵੀ ਬਚਾਇਆ ਜਾ ਸਕਦਾ ਹੈ।

**ਚਾਰੇ ਵਾਲੀ ਫ਼ਸਲਾਂ (ਜੁਆਰ / ਚਰ੍ਹੀ, ਮੱਕੀ, ਬਾਜਰਾ)** : ਅਗੇਤੇ ਮੌਸਮ ਦੇ ਚਾਰੇ (ਮਾਰਚ-ਜੂਨ) ਨੂੰ ਲਗਭਗ 5 ਪਾਣੀਆਂ ਦੀ ਲੋੜ ਹੁੰਦੀ ਹੈ ਜਦਕਿ ਬਰਸਾਤ ਦੇ ਮੌਸਮ ਵਾਲੀ ਫ਼ਸਲ ਨੂੰ 1-2 ਪਾਣੀ ਹੀ ਕਾਫੀ ਹਨ। ਖੇਤ ਵਿੱਚ ਜਲ ਨਿਕਾਸ ਦਾ ਪ੍ਰਬੰਧ ਵੀ ਹੋਣਾ ਚਾਹੀਦਾ ਹੈ। ਵਧੇਰੇ ਲੌਅ ਦੇਣ ਵਾਲੀ ਚਰ੍ਹੀ ਦੀ ਫ਼ਸਲ ਨੂੰ ਚੰਗੇ ਫੁਟਾਰੇ ਲਈ ਹਰੇਕ ਕਟਾਈ ਪਿੱਛੋਂ ਪਾਣੀ ਲਾ ਦੇਣਾ ਚਾਹੀਦਾ ਹੈ। ਸੋਕੇ ਦੀਆਂ ਹਾਲਤਾਂ ਵਿੱਚ ਚਾਰੇ ਨੂੰ ਕਟਣ ਤੋਂ ਘੱਟੋ-ਘੱਟ ਇਕ ਹਫ਼ਤਾ ਪਹਿਲਾਂ ਪਾਣੀ ਲਗਾਉ। ਬਾਜਰਾ ਗਰਮ ਅਤੇ ਖੁਸ਼ਕ ਮੌਸਮ ਨੂੰ ਸਹਾਰ ਸਕਦਾ ਹੈ। ਆਮ ਕਰਕੇ 2-3 ਪਾਣੀ ਕਾਫ਼ੀ ਹਨ, ਫਿਰ ਵੀ ਬਹੁਤੀ ਗਰਮੀ ਦੇ ਦਿਨਾਂ ਵਿੱਚ ਵੱਧ ਪਾਣੀ ਵੀ ਦਿੱਤੇ ਜਾ ਸਕਦੇ ਹਨ। ਖੇਤ ਵਿੱਚ ਪਾਣੀ ਖੜ੍ਹਾ ਰਹਿਣਾ ਫ਼ਸਲ ਦਾ ਨੁਕਸਾਨ ਕਰਦਾ ਹੈ ਇਸ ਲਈ ਚੰਗਾ ਹੋਵੇਗਾ ਜੇਕਰ ਪਾਣੀ ਹਲਕੇ ਅਤੇ ਬਹੁਤੇ ਦਿੱਤੇ ਜਾਣ। ਦੋਗਲੇ ਨੈਪੀਅਰ ਬਾਜਰੇ ਦੀ ਫ਼ਸਲ ਨੂੰ ਬਹੁਤੀ ਗਰਮੀ ਅਤੇ ਖੁਸ਼ਕ ਮਹੀਨਿਆਂ ਵਿੱਚ 8-10 ਦਿਨਾਂ ਦੇ ਵਕਫ਼ੇ ਤੇ ਪਾਣੀ ਦਿਉ ਅਤੇ ਬਾਅਦ ਵਿੱਚ ਮੌਸਮ ਅਨੁਸਾਰ 10-14 ਦਿਨਾਂ ਬਾਅਦ ਪਾਣੀ ਦਿੰਦੇ ਰਹੋ। ਪਾਣੀ ਦੀ ਬੱਚਤ ਅਤੇ ਜ਼ਮੀਨ ਵਿੱਚ ਨਮੀ ਦੀ ਸਾਂਭ ਲਈ ਬਿਜਾਈ ਤੋਂ ਬਾਅਦ ਖੇਤ ਵਿੱਚ 4 ਟਨ ਝੋਨੇ ਦੀ ਪਰਾਲੀ ਪ੍ਰਤੀ ਏਕੜ ਦੇ ਹਿਸਾਬ ਨਾਲ ਖਿਲਾਰ ਦਿਉ।

# ਪੰਜਾਬ ਵਿੱਚ ਪਾਣੀ ਦਾ ਸੰਕਟ

ਦਵਿੰਦਰ ਕੌਰ ਖੁਸ਼ ਧਾਲੀਵਾਲ
ਮੋ. 88472-27740

ਪਿਛਲੇ ਲੰਮੇ ਸਮੇਂ ਤੋਂ ਮੁਲਕ ਦੇ ਵੱਖ-ਵੱਖ ਹਿੱਸੇ ਪਾਣੀ ਦੀ ਭਾਰੀ ਕਿੱਲਤ ਦਾ ਸਾਹਮਣਾ ਕਰ ਰਹੇ ਹਨ । ਇਹ ਜਲ ਸੰਕਟ ਦੱਖਣੀ ਸੂਬਿਆਂ ਵਿੱਚ ਸਭ ਤੋਂ ਵਧੇਰੇ ਵਿਕਰਾਲ ਰੂਪ ਅਖ਼ਤਿਆਰ ਕਰ ਚੁੱਕਾ ਹੈ । ਭਾਰਤ ਦੇ ਪ੍ਰਮੁੱਖ ਮਹਾਨਗਰਾਂ ਵਿੱਚੋਂ ਹੈਦਰਾਬਾਦ, ਚੈਨੱਈ ਅਤੇ ਬੰਗਲੂਰੂ ਵਰਗੇ ਸ਼ਹਿਰ ਪਾਣੀ ਦੀ ਥੁੜ੍ਹ ਨਾਲ ਸਭ ਤੋਂ ਵੱਧ ਜੂਝ ਰਹੇ ਹਨ । ਇਨ੍ਹਾਂ ਸ਼ਹਿਰਾਂ ਵਿੱਚ ਰਹਿਣ ਵਾਲੀ ਇਕ ਵੱਡੀ ਆਬਾਦੀ ਕੋਲ ਆਪਣੀਆਂ ਨਿੱਤ ਦਿਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਵੀ ਪਾਣੀ ਮੌਜੂਦ ਨਹੀਂ ਹੈ । 9 ਅਪ੍ਰੈਲ 2026 ਨੂੰ ਜਾਰੀ ਇਕ ਰਿਪੋਰਟ ਰਾਹੀਂ ਇਸ ਭਿਆਨਕ ਸਮੱਸਿਆ ਦੀ ਨਿਸ਼ਾਨਦੇਹੀ ਕਰਦਿਆਂ ਦੱਸਿਆ ਗਿਆ ਕਿ ਭਾਰਤ ਦੇ ਕੁੱਲ ਜਲ ਭੰਡਾਰਾਂ ਵਿੱਚ ਹੁਣ ਸਿਰਫ਼ 44.71 ਫ਼ੀਸਦੀ ਪਾਣੀ ਹੀ ਬਚਿਆ ਹੈ । ਅੰਕੜਿਆਂ ਅਨੁਸਾਰ ਦੇਸ਼ ਦੇ ਵੱਡੇ ਜਲ ਭੰਡਾਰਾਂ ਵਿੱਚ ਪਾਣੀ ਦੀ ਮੌਜੂਦਾ ਮਾਤਰਾ ਘਟ ਕੇ 183.53 ਅਰਬ ਘਣ ਮੀਟਰ ਰਹਿ ਗਈ ਹੈ, ਜੋ ਕਿ ਦੇਸ਼ ਦੀ ਕੁੱਲ ਸਮਰੱਥਾ 257.81 ਅਰਬ ਘਣ ਮੀਟਰ ਦੇ ਮੁਕਾਬਲੇ ਬੇਹੱਦ ਚਿੰਤਾਜਨਕ ਹੈ । ਅਫ਼ਸੋਸ ਦੀ ਗੱਲ ਇਹ ਹੈ ਕਿ ਪਾਣੀ ਦੀ ਇਸ ਗੰਭੀਰ ਸਮੱਸਿਆ ਨੂੰ ਮਹਿਜ਼ ਵਾਤਾਵਰਨ ਤਬਦੀਲੀ ਦਾ ਨਾਂ ਦੇ ਕੇ ਪੱਲਾ ਝਾੜਿਆ ਜਾ ਰਿਹਾ ਹੈ ਜਦੋਂਕਿ ਅਸਲੀਅਤ ਇਹ ਹੈ ਕਿ ਇਹ ਕੋਈ ਕੁਦਰਤੀ ਕਰੋਪੀ ਨਹੀਂ, ਸਗੋਂ ਇਸ ਸੰਕਟ ਦਾ ਸਭ ਤੋਂ ਵੱਡਾ ਕਾਰਨ ਅੱਜ ਦਾ ਮੁਨਾਫ਼ਾਖੋਰ ਸਰਮਾਏਦਾਰੀ ਪ੍ਰਬੰਧ ਹੈ । ਪਾਣੀ ਮਨੁੱਖੀ ਜੀਵਨ ਦਾ ਮੂਲ ਆਧਾਰ ਹੈ, ਪਰ ਇਸ ਉੱਤੇ ਲਗਾਤਾਰ ਵਧ ਰਹੀ ਨਿੱਜੀ ਮਲਕੀਅਤ ਅਤੇ ਸਰਮਾਏਦਾਰੀ ਨੀਤੀਆਂ ਮਨੁੱਖ ਵਿਰੋਧੀ ਹੋਣ ਦੇ ਨਾਲ-ਨਾਲ ਕੁਦਰਤ ਵਿਰੋਧੀ ਵੀ ਹਨ । ਜਿੰਨੀ ਤੇਜ਼ੀ ਨਾਲ ਇਹ ਸਮੱਸਿਆ ਵਧ ਰਹੀ ਹੈ, ਜੇ ਸਮਾਂ ਰਹਿੰਦੇ ਇਸ ਦੀ ਸੁਚੱਜੀ ਸਾਂਭ ਸੰਭਾਲ ਨਾ ਕੀਤੀ ਗਈ ਤਾਂ ਸਾਲ 2030 ਤੱਕ ਦੇਸ਼ ਦੇ 21 ਵੱਡੇ ਸ਼ਹਿਰਾਂ ਵਿੱਚ ਪਾਣੀ ਪੂਰੀ ਤਰ੍ਹਾਂ ਮੁੱਕ ਜਾਵੇਗਾ ।

ਉੱਤਰੀ ਭਾਰਤ ਵਿੱਚ ਇਸ ਸੰਕਟ ਦਾ ਪ੍ਰਭਾਵ ਮੁੱਖ ਤੌਰ 'ਤੇ ਪੰਜਾਬ, ਰਾਜਸਥਾਨ, ਹਰਿਆਣਾ ਅਤੇ ਗੁਜਰਾਤ ਵਰਗੇ ਰਾਜਾਂ ਵਿੱਚ ਦੇਖਣ ਨੂੰ ਮਿਲ ਰਿਹਾ ਹੈ । ਰਾਜਸਥਾਨ ਦੇ ਅਲਵਰ ਜ਼ਿਲ੍ਹੇ ਵਿੱਚ ਔਰਤਾਂ ਨੂੰ ਆਪਣੇ ਪਿੰਡਾਂ ਤੋਂ ਚਾਰ-ਚਾਰ ਕਿਲੋਮੀਟਰ ਦੂਰ ਜਾ ਕੇ ਪਾਣੀ ਢੋਣਾ ਪੈਂਦਾ ਹੈ । ਉਹ ਰੋਜ਼ਾਨਾ ਛੇ-ਸੱਤ ਚੱਕਰ ਲਗਾ ਕੇ ਮਸਾਂ 30 ਤੋਂ 40 ਲਿਟਰ ਪਾਣੀ ਦਾ ਪ੍ਰਬੰਧ ਕਰਦੀਆਂ ਹਨ । ਇਸ ਜੱਦੋਜਹਿਦ ਵਿੱਚ ਉਨ੍ਹਾਂ ਦੇ ਰੋਜ਼ਾਨਾ ਦੇ ਚਾਰ ਘੰਟੇ ਅਤੇ ਸਾਲ ਦੇ ਲਗਪਗ 1500 ਘੰਟੇ ਸਿਰਫ਼ ਪਾਣੀ ਢੋਣ ਦੇ ਲੇਖੇ ਲੱਗ ਜਾਂਦੇ ਹਨ । ਚਿੰਤਾਜਨਕ ਤੱਥ ਇਹ ਹੈ ਕਿ ਦੇਸ਼ ਦੀ 40 ਫ਼ੀਸਦੀ ਆਬਾਦੀ ਦੀ ਪਾਣੀ ਤੱਕ ਅਜੇ ਵੀ ਪਹੁੰਚ ਨਹੀਂ ਹੈ ਅਤੇ ਸਾਲ 2030 ਤੱਕ ਪਾਣੀ ਦੀ ਕਮੀ ਲਗਪਗ 10 ਕਰੋੜ ਲੋਕਾਂ ਤੇ ਜੀਵਨ ਨੂੰ ਪ੍ਰਭਾਵਿਤ ਕਰ ਸਕਦੀ ਹੈ । ਇਕ ਹੋਰ ਰਿਪੋਰਟ ਮੁਤਾਬਿਕ ਸਾਲ 2030 ਤੱਕ ਦੇਸ਼ ਦੀ ਲਗਪਗ ਅੱਧੀ (50 ਫ਼ੀਸਦੀ) ਸ਼ਹਿਰੀ ਆਬਾਦੀ ਨੂੰ ਪਾਣੀ ਦੀ ਗੰਭੀਰ ਕਿੱਲਤ ਦਾ ਸਾਹਮਣਾ ਕਰਨਾ ਪਵੇਗਾ । ਸਾਡਾ ਮੁਲਕ ਹਰ ਸਾਲ ਧਰਤੀ ਹੇਠੋਂ ਲਗਪਗ 230 ਅਰਬ ਘਣ ਮੀਟਰ ਪਾਣੀ ਕੱਢ ਰਿਹਾ ਹੈ, ਜੋ ਕਿ ਅਮਰੀਕਾ ਅਤੇ ਚੀਨ ਵੱਲੋਂ ਕੱਢੇ ਜਾਣ ਵਾਲੇ ਕੁੱਲ ਪਾਣੀ ਦੇ ਜੋੜ ਤੋਂ ਵੀ ਕਿਤੇ ਵੱਧ ਹੈ । ਦੇਸ਼ ਦੇ 700 ਪ੍ਰਮੁੱਖ ਸ਼ਹਿਰਾਂ ਵਿੱਚੋਂ 256 ਸ਼ਹਿਰਾਂ ਵਿੱਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਨੂੰ ਛੂਹ ਚੁੱਕਾ ਹੈ ਅਤੇ ਖ਼ਦਸ਼ਾ ਹੈ ਕਿ 2030 ਤੱਕ 100 ਹੋਰ ਸ਼ਹਿਰ ਇਸ ਖ਼ਤਰਨਾਕ ਸੂਚੀ ਵਿੱਚ ਸ਼ਾਮਿਲ ਹੋ ਜਾਣਗੇ । ਜੇਕਰ ਆਲਮੀ ਪੱਧਰ 'ਤੇ ਨਜ਼ਰ ਮਾਰੀਏ ਤਾਂ ਲਗਪਗ 2.2 ਅਰਬ ਲੋਕ ਸਾਫ਼ ਪਾਣੀ ਦੀ ਬੂੰਦ-ਬੂੰਦ ਨੂੰ ਤਰਸ ਰਹੇ ਹਨ । ਮੱਧ ਪੂਰਬ (ਮਿਡਲ ਈਸਟ) ਵਿੱਚ 60 ਫ਼ੀਸਦੀ ਅਤੇ ਅਫ਼ਰੀਕੀ ਮਹਾਂਦੀਪ ਵਿੱਚ 40 ਕਰੋੜ ਲੋਕ ਗੰਭੀਰ ਜਲ ਸੰਕਟ ਦਾ ਸਾਹਮਣਾ ਕਰ ਰਹੇ ਹਨ ।

ਜੇਕਰ ਮੁਲਕ ਵਿੱਚ ਹਰ ਸਾਲ ਪੈਣ ਵਾਲੇ ਮੀਂਹ ਦੇ ਪਾਣੀ ਦੀ ਸੁਚੱਜੀ ਸਾਂਭ-ਸੰਭਾਲ ਕੀਤੀ ਜਾਵੇ ਤਾਂ ਇਹ ਪਾਣੀ ਇੰਨਾ ਜ਼ਿਆਦਾ ਹੈ ਕਿ ਦੇਸ਼ ਦੀ ਕੁੱਲ ਲੋੜ ਨੂੰ ਸੁਖਾਲਿਆ ਹੀ ਪੂਰਾ ਕੀਤਾ ਜਾ ਸਕਦਾ ਹੈ । ਕੇਂਦਰੀ ਜਲ ਬੋਰਡ ਮੁਤਾਬਿਕ ਦੇਸ਼ ਨੂੰ ਹਰ ਸਾਲ ਲਗਪਗ 3,000 ਅਰਬ ਘਟ ਮੀਟਰ ਪਾਣੀ ਦੀ ਲੋੜ ਹੁੰਦੀ ਹੈ, ਜਦੋਂਕਿ ਮੀਂਹ ਰਾਹੀਂ ਸਾਨੂੰ ਸਾਲਾਨਾ 4000 ਅਰਬ ਘਣ ਮੀਟਰ ਪਾਣੀ ਮਿਲਦਾ ਹੈ । ਜੇਕਰ ਇਸ ਵਿੱਚ ਹੋਰ ਜਲ ਸਰੋਤਾਂ ਜਿਵੇਂ ਝੀਲਾਂ ਅਤੇ ਨਦੀਆਂ ਦੇ ਪਾਣੀ ਨੂੰ ਵੀ ਜੋੜ ਲਿਆ ਜਾਵੇ ਤਾਂ ਇਹ ਅੰਕੜਾ ਹੋਰ ਵੀ ਵੱਡਾ ਹੋ ਜਾਂਦਾ ਹੈ । ਦਰਅਸਲ, ਇਹ ਸਾਰਾ ਮਸਲਾ ਪਾਣੀ ਬਾਰੇ ਇੱਕ ਸੁਚੱਜੀ ਅਤੇ ਲੋਕ ਪੱਖੀ ਸਰਕਾਰੀ ਨੀਤੀ ਦੀ ਅਣਹੋਂਦ ਦਾ ਹੈ, ਜਿਸ ਰਾਹੀਂ ਸਮੁੰਦਰਾਂ, ਨਦੀਆਂ ਜਾਂ ਹੋਰ ਜਲ ਭੰਡਾਰਾਂ ਦੇ ਪਾਣੀ ਨੂੰ ਸੋਧ ਕੇ ਲੋਕਾਂ ਤੱਕ ਪਹੁੰਚਾਇਆ ਜਾ ਸਕੇ । ਦੂਜੇ ਬੰਨੇ, ਮੀਂਹ ਦੇ ਪਾਣੀ ਦੇ ਪ੍ਰਬੰਧਨ ਲਈ ਇੱਕ ਠੋਸ ਰਾਸ਼ਟਰੀ ਨੀਤੀ ਦੀ ਲੋੜ ਹੈ ਤਾਂ ਜੋ ਬਰਸਾਤੀ ਪਾਣੀ ਦੀ ਮੁੜ ਵਰਤੋਂ ਕੀਤੀ ਜਾ ਸਕੇ ਅਤੇ ਜ਼ਮੀਨਦੋਜ਼ ਪਾਣੀ ਨੂੰ ਰੀਚਾਰਜ ਕਰਕੇ ਉਸ ਦਾ ਪੱਧਰ ਉੱਪਰ ਚੁੱਕਿਆ ਜਾ ਸਕੇ । ਪੰਜਾਬ ਅੰਦਰ ਪਾਣੀ ਦੀ ਮੌਜੂਦਾ ਸਥਿਤੀ ਬਾਰੇ ਕੇਂਦਰੀ ਜਲ ਬੋਰਡ ਦੀ ਇੱਕ ਰਿਪੋਰਟ ਮੁਤਾਬਿਕ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਜੇਕਰ ਇਹੀ ਰਫ਼ਤਾਰ ਰਹੀ ਤਾਂ ਸਾਲ 2030 ਤੱਕ ਪੰਜਾਬ ਦਾ ਧਰਤੀ ਹੇਠਲਾ ਪਾਣੀ ਪੂਰੀ ਤਰ੍ਹਾਂ ਸੁੱਕ ਜਾਵੇਗਾ । ਸੂਬੇ ਦੇ ਕੁੱਲ 138 ਬਲਾਕਾਂ ਵਿੱਚੋਂ 115 ਬਲਾਕਾਂ ਅੰਦਰ ਹੱਦੋਂ ਵੱਧ ਪਾਣੀ ਕੱਢਿਆ ਜਾ ਚੁੱਕਿਆ ਹੈ ਅਤੇ ਉਹ ਖ਼ਤਰੇ ਦੇ ਨਿਸ਼ਾਨ (ਭਾਰਤ ਜ਼ੋਨ) 'ਤੇ ਪਹੁੰਚ ਚੁੱਕੇ ਹਨ । ਹਰੇ ਇਨਕਲਾਬ ਤੋਂ ਬਾਅਦ 1960ਵਿਆਂ ਤੋਂ 1980ਵਿਆਂ ਤੱਕ ਸੂਬੇ ਵਿੱਚ ਟਿਊਬਵੈੱਲਾਂ ਦੀ ਗਿਣਤੀ ਮਹਿਜ਼ 50 ਹਜ਼ਾਰ ਸੀ, ਜੋ ਕਿ ਸਾਲ 2001 ਵਿੱਚ ਵਧ ਕੇ 10 ਲੱਖ ਅਤੇ ਸਾਲ 2020 ਤੱਕ 14 ਲੱਖ ਦੇ ਅੰਕੜੇ ਨੂੰ ਪਾਰ ਕਰ ਗਈ । ਮੌਜੂਦਾ ਸਮੇਂ ਪੰਜਾਬ ਦਾ ਮਾਲਵਾ ਖੇਤਰ ਪਾਣੀ ਦੀ ਘਾਟ ਦੀ ਸਭ ਤੋਂ ਵੱਡੀ ਮਾਰ ਝੱਲ ਰਿਹਾ ਹੈ ।



ਪੰਜਾਬ ਹਰ ਸਾਲ ਧਰਤੀ ਵਿੱਚੋਂ 26.27 ਅਰਬ ਘਣ ਮੀਟਰ ਪਾਣੀ ਕੱਢਦਾ ਹੈ ਜਦੋਂਕਿ ਮੀਂਹ ਜਾਂ ਹੋਰਨਾਂ ਜਲ ਸਰੋਤਾਂ ਰਾਹੀਂ ਧਰਤੀ ਹੇਠ ਸਿਰਫ਼ 18.6 ਅਰਬ ਘਣ ਮੀਟਰ ਪਾਣੀ ਹੀ ਵਾਪਸ ਮੁੜਦਾ (ਰੀਚਾਰਜ ਹੁੰਦਾ) ਹੈ । ਧਰਤੀ ਹੇਠੋਂ ਕੱਢੇ ਜਾ ਰਹੇ ਇਸ ਪਾਣੀ ਦਾ ਲਗਪਗ 86 ਫ਼ੀਸਦੀ ਹਿੱਸਾ ਇਕੱਲੀ ਸਿੰਜਾਈ ਲਈ ਵਰਤਿਆ ਜਾਂਦਾ ਹੈ । ਸਾਲ 1970 ਵਿੱਚ ਜ਼ਮੀਨਦੋਜ਼ ਪਾਣੀ ਨਾਲ ਪੰਜਾਬ ਦੀ ਸਿਰਫ਼ 56 ਫ਼ੀਸਦੀ ਖੇਤੀ ਦੀ ਸਿੰਜਾਈ ਹੁੰਦੀ ਸੀ, ਜੋ ਕਿ ਮੌਜੂਦਾ ਸਾਲਾਂ ਵਿੱਚ ਵੱਧ ਕੇ 87 ਫ਼ੀਸਦੀ ਤੱਕ ਪਹੁੰਚ ਗਈ ਹੈ । ਸਾਲ 1939 ਵਿੱਚ ਪੰਜਾਬ ਅੰਦਰ ਕੁੱਲ ਰਕਬੇ ਦੇ ਸਿਰਫ਼ 9 ਫ਼ੀਸਦੀ ਹਿੱਸੇ 'ਤੇ ਝੋਨੇ ਦੀ ਕਾਸ਼ਤ ਕੀਤੀ ਜਾਂਦੀ ਸੀ, ਜੋ ਕਿ ਹੁਣ ਵਧ ਕੇ 72 ਫ਼ੀਸਦੀ ਹੋ ਚੁੱਕੀ ਹੈ । ਮਾਹਿਰਾਂ ਅਨੁਸਾਰ 1 ਕਿਲੋ ਸੋਨਾ ਪੈਦਾ ਕਰਨ ਲਈ ਲਗਪਗ 5,337 ਲਿਟਰ ਪਾਣੀ ਦੀ ਖਪਤ ਹੁੰਦੀ ਹੈ । ਪਾਣੀ ਦੇ ਇਸ ਲਗਾਤਾਰ ਵਧ ਰਹੇ ਸੰਕਟ ਦਾ ਇਕ ਵੱਡਾ ਕਾਰਨ ਸਾਡੇ ਖੇਤੀ ਪ੍ਰਬੰਧ ਵਿੱਚੋਂ ਵਾਤਾਵਰਨ ਅਤੇ ਭੂਗੋਲਿਕ ਸਥਿਤੀਆਂ ਦੇ ਅਨੁਕੂਲ ਫ਼ਸਲਾਂ ਦੀ ਪੈਦਾਵਾਰ (ਫ਼ਸਲੀ ਵਿਭਿੰਨਤਾ) ਦਾ ਗਾਇਬ ਹੋਣਾ ਵੀ ਹੈ ।

ਭਾਰਤ ਵਿੱਚ ਦੂਸ਼ਿਤ ਪਾਣੀ ਨੂੰ ਸੋਧ ਕੇ ਮੁੜ ਵਰਤੋਂ ਯੋਗ ਬਣਾਉਣ ਵੱਲ ਵੀ ਕੋਈ ਖ਼ਾਸ ਧਿਆਨ ਨਹੀਂ ਦਿੱਤਾ ਜਾਂਦਾ । ਪੰਜਾਬ ਦੇ ਧਰਤੀ ਹੇਠਲੇ ਪਾਣੀ ਵਿੱਚ ਆਰਸੈਨਿਕ ਅਤੇ ਯੂਰੇਨੀਅਮ ਵਰਗੇ ਅਤਿ ਜ਼ਹਿਰੀਲੇ ਤੱਤ ਮਿਲ ਰਹੇ ਹਨ । ਅਜਿਹੇ ਘਾਤਕ ਪਦਾਰਥ ਫ਼ਰੀਦਕੋਟ, ਫ਼ਤਹਿਗੜ੍ਹ ਸਾਹਿਬ, ਪਟਿਆਲਾ, ਰੂਪਨਗਰ ਅਤੇ ਸੰਗਰੂਰ ਵਰਗੇ ਜ਼ਿਲ੍ਹਿਆਂ ਵਿੱਚ ਪਾਏ ਗਏ ਹਨ, ਜਿਸ ਕਾਰਨ ਲੋਕਾਂ ਵਿੱਚ ਕੈਂਸਰ ਵਰਗੀਆਂ ਬਿਮਾਰੀਆਂ ਫੈਲ ਰਹੀਆਂ ਹਨ । ਮਾਲਵਾ ਖੇਤਰ ਨੂੰ ਇਸੇ ਗੰਭੀਰ ਸਮੱਸਿਆ ਕਾਰਨ ਹੁਣ 'ਕੈਂਸਰ ਬੈਲਟ' ਵਜੋਂ ਵੀ ਜਾਣਿਆ ਜਾਣ ਲੱਗਿਆ ਹੈ । ਫੈਕਟਰੀਆਂ ਅਤੇ ਕਾਰਖਾਨਿਆਂ ਵਿੱਚੋਂ ਨਿਕਲਦਾ ਜ਼ਹਿਰੀਲਾ ਪਾਣੀ ਬਿਨਾਂ ਸੋਧਿਆ ਸਿੱਧਾ ਧਰਤੀ ਹੇਠਾਂ ਸੁੱਟਿਆ ਜਾ ਰਿਹਾ ਹੈ ਜਾਂ ਫਿਰ ਬੇਰੋਕ ਨਦੀਆਂ ਵਿੱਚ ਵਹਾਇਆ ਜਾ ਰਿਹਾ ਹੈ । ਕੁਦਰਤ ਨੇ ਸਾਨੂੰ ਕਈ ਵੱਡਮੁੱਲੇ ਜਲ ਭੰਡਾਰਾਂ ਨਾਲ ਨਿਵਾਜਿਆ ਸੀ, ਪਰ ਮੌਜੂਦਾ ਮੁਨਾਫ਼ਾਖ਼ੋਰ ਸਰਮਾਏਦਾਰੀ ਸਿਆਸੀ ਢਾਂਚੇ ਨੇ ਇਨ੍ਹਾਂ 'ਤੇ ਵੀ ਆਪਣਾ ਕਬਜ਼ਾ ਜਮਾ ਲਿਆ ਹੈ । ਮੁਨਾਫ਼ਾ ਕਮਾਉਣ ਦੀ ਇਸ ਅੰਨ੍ਹੀ ਦੌੜ ਵਿੱਚ ਉੱਭਰਿਆ 'ਟੈਂਕਰ ਮਾਫ਼ੀਆ' ਅਤੇ ਬੋਤਲਬੰਦ ਪਾਣੀ ਦਾ ਕਾਰੋਬਾਰ ਇਸ ਦੀਆਂ ਸਭ ਤੋਂ ਵੱਡੀਆਂ ਉਦਾਹਰਣਾਂ ਹਨ । ਪਾਣੀ ਜੀਵਨ ਦਾ ਸਭ ਤੋਂ ਅਹਿਮ ਸਰੋਤ ਹੈ, ਪਰ ਦੇਸ਼ ਭਰ ਵਿੱਚ ਕੁਦਰਤੀ ਸੋਮਿਆਂ ਨੂੰ ਨੁਕਸਾਨ ਪਹੁੰਚਾ ਕੇ ਅਤੇ ਜ਼ਮੀਨੀ ਪਾਣੀ ਦੀ ਬੇਕਿਰਕੀ ਨਾਲ ਖਪਤ ਕਰਕੇ ਇਹ ਸੰਕਟ ਖੜ੍ਹਾ ਕੀਤਾ ਜਾ ਰਿਹਾ ਹੈ । ਇਸ ਹਾਲਤ ਦਾ ਸਭ ਤੋਂ ਵੱਧ ਲਾਹਾ ਟੈਂਕਰ ਮਾਫੀਆ ਚੁੱਕ ਰਿਹਾ ਹੈ, ਜੋ ਗੈਰ-ਕਾਨੂੰਨੀ ਬੋਰਵੈੱਲਾਂ ਰਾਹੀਂ ਹਰ ਰੋਜ਼ ਲੱਖਾਂ ਲਿਟਰ ਪਾਣੀ ਕੱਢ ਕੇ ਮੋਟਾ ਮੁਨਾਫ਼ਾ ਕਮਾਉਂਦਾ ਹੈ ।

ਇਕੱਲੇ ਮੁਬੰਈ ਵਰਗੇ ਮਹਾਂਨਗਰ ਵਿੱਚ ਹੀ ਟੈਂਕਰ ਮਾਫ਼ੀਆ ਦਾ ਸਾਲਾਨਾ ਕਾਰੋਬਾਰ 12,000 ਤੋਂ 15,000 ਕਰੋੜ ਰੁਪਏ ਤੱਕ ਪਹੁੰਚ ਚੁੱਕਾ ਹੈ । ਸਾਫ਼ ਪੀਣ ਵਾਲੇ ਪਾਣੀ ਦੀ ਕਿੱਲਤ ਕਾਰਨ ਆਮ ਲੋਕ ਮਜ਼ਬੂਰੀਵੱਸ ਨਿੱਜੀ ਟੈਂਕਰਾਂ ਤੋਂ ਪਾਣੀ ਖ਼ਰੀਦਦੇ ਹਨ, ਜਿਸ ਲਈ ਉਨ੍ਹਾਂ ਨੂੰ ਹਰ ਮਹੀਨੇ ਲਗਪਗ 1000 ਰੁਪਏ ਖ਼ਰਚ ਕਰਨੇ ਪੈਂਦੇ ਹਨ । ਇਹ ਰਕਮ ਕਿਸੇ ਮਜ਼ਦੂਰ ਜਾਂ ਨਿਮਨ-ਮੱਧਵਰਗੀ ਪਰਿਵਾਰ ਦੇ ਬਜਟ 'ਤੇ ਇੱਕ ਵੱਡਾ ਬੋਝ ਬਣਦੀ ਹੈ । ਦੂਜੇ ਪਾਸੇ, ਜਨਤਾ ਦੀ ਇਸੇ ਮਜ਼ਬੂਰੀ ਦਾ ਫ਼ਾਇਦਾ ਉਠਾ ਕੇ ਟੈਂਕਰ ਮਾਫ਼ੀਆ ਰਾਤੋਂ-ਰਾਤ ਕਰੋੜਪਤੀ ਬਣ ਰਿਹਾ ਹੈ । ਮਹਾਰਾਸ਼ਟਰ ਵਿੱਚ ਲਗਪਗ 7,000 ਟੈਂਕਰ 15,000 ਪਿੰਡਾਂ ਵਿੱਚ ਪਾਣੀ ਪਹੁੰਚਾ ਰਹੇ ਹਨ, ਜਿਨ੍ਹਾਂ ਵਿੱਚੋਂ ਸਿਰਫ਼ 1,000 ਟੈਂਕਰ ਹੀ ਸਰਕਾਰੀ ਹਨ । ਮੌਜੂਦਾ ਹਕੂਮਤਾਂ ਨੂੰ ਨਹਿਰੀ ਪਾਣੀ ਦੀ ਸਿੰਜਾਈ ਲਈ ਸੁਚੱਜੀ ਵਰਤੋਂ, ਮੀਂਹ ਦੇ ਪਾਣੀ ਦੀ ਸੰਭਾਲ ਅਤੇ ਇਸ ਦੀ ਮੁੜ-ਵਰਤੋਂ ਦੇ ਪੁਖਤਾ ਪ੍ਰਬੰਧ ਕਰਨ ਦੀ ਲੋੜ ਹੈ । ਇਸ ਦੇ ਨਾਲ ਹੀ ਆਮ ਲੋਕਾਈ ਵਿੱਚ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਪ੍ਰਤੀ ਡੂੰਘੀ ਚੇਤਨਾ ਅਤੇ ਜਾਗਰੂਕਤਾ ਫੈਲਾਉਣੀ ਵੀ ਸਮੇਂ ਦੀ ਮੁੱਖ ਲੋੜ ਹੈ ।



# ਕੇਂਦਰ ਸਰਕਾਰ ਵੱਲੋਂ ਝੋਨੇ ਦੇ ਭਾਅ ਵਿੱਚ 72 ਰੁਪਏ ਦਾ ਵਾਧਾ

**★ 14 ਫ਼ਸਲਾਂ ਲਈ ਵਧਾਈ ਐਮ. ਐਸ. ਪੀ. ★ ਕੇਂਦਰ ਸਰਕਾਰ ਦਾ 824.41 ਲੱਖ ਮੀਟ੍ਰਿਕ ਟਨ ਝੋਨਾ ਖਰੀਦ ਦਾ ਟੀਚਾ**

ਕੇਂਦਰ ਸਰਕਾਰ ਨੇ ਝੋਨੇ ਦਾ ਭਾਅ 72 ਰੁਪਏ ਵਧਾ ਕੇ 2,441 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ ਅਤੇ ਇਸ ਦੇ ਨਾਲ ਹੀ ਸਾਉਣੀ ਦੀਆਂ 14 ਫ਼ਸਲਾਂ ਲਈ ਘੱਟ-ਘੱਟ ਸਮਰਥਨ ਮੁੱਲ (ਐਮ. ਐਸ. ਪੀ.) ਵਿੱਚ ਵਾਧਾ ਕੀਤਾ ਹੈ। ਇਨ੍ਹਾਂ ਫ਼ਸਲਾਂ ਵਿੱਚ ਜਵਾਰ, ਬਾਜਰਾ, ਮੱਕੀ, ਕਪਾਹ ਅਤੇ ਦਾਲਾਂ ਆਦਿ ਸ਼ਾਮਿਲ ਹਨ। ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰੀ ਅਸ਼ਵਨੀ ਵੈਸ਼ਨਵ ਨੇ ਮੰਤਰੀ ਮੰਡਲ ਦੇ ਫੈਸਲਿਆਂ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਕਮਿਸ਼ਨ ਫਾਰ ਐਗਰੀਕਲਚਰ ਕਾਸਟ ਐਂਡ ਪ੍ਰਾਈਜੇਜ਼ (ਸੀ. ਏ. ਸੀ. ਪੀ.) ਦੀਆਂ ਸਿਫਾਰਿਸ਼ਾਂ ’ਤੇ ਸਾਉਣੀ ਦੇ ਸੀਜ਼ਨ ਦੀਆਂ 14 ਫ਼ਸਲਾਂ ਦੀ ਐਮ. ਐਸ. ਪੀ. ਵਿੱਚ ਵਾਧਾ ਕੀਤਾ ਗਿਆ ਹੈ। ਫੈਸਲੇ ਮੁਤਾਬਿਕ ਝੋਨੇ ਦੀ ਐਮ. ਐਸ. ਪੀ. ਵਿੱਚ 72 ਰੁਪਏ ਵਧਾਉਣ ਤੋਂ ਬਾਅਦ ਝੋਨਾ (ਆਮ) ਦੀ ਐਮ. ਐਸ. ਪੀ. 2024-25 ਦੇ 2,369 ਪ੍ਰਤੀ ਕੁਇੰਟਲ ਤੋਂ ਵੱਧ ਕੇ 2,441 ਰੁਪਏ ਪ੍ਰਤੀ ਕੁਇੰਟਲ ਹੋ ਗਈ ਹੈ, ਜਦੋਂਕਿ ਝੋਨਾ (ਏ ਗ੍ਰੇਡ) ਪ੍ਰਤੀ ਕੁਇੰਟਲ ਦੀ ਐਮ. ਐਸ. ਪੀ.




2,389 ਰੁਪਏ ਪ੍ਰਤੀ ਕੁਇੰਟਲ ਤੋਂ ਵੱਧ ਕੇ 2,461 ਰੁਪਏ ਪ੍ਰਤੀ ਕੁਇੰਟਲ ਕੀਤੀ ਗਈ ਹੈ। ਸਭ ਤੋਂ ਵੱਧ ਵਾਧਾ ਸੂਰਜਮੁਖੀ ਦੀ ਐਮ. ਐਸ. ਪੀ. ਵਿੱਚ ਕੀਤਾ ਗਿਆ ਹੈ, ਜਿਸ ਵਿੱਚ 622 ਰੁਪਏ ਦੇ ਵਾਧੇ ਤੋਂ ਬਾਅਦ ਐਮ. ਐਸ. ਪੀ. 8,343 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ। ਕਪਾਹ ਅਤੇ ਰਾਮਤਿਲ ਦੇ ਭਾਅ ਵਿੱਚ ਕ੍ਰਮਵਾਰ 557 ਰੁਪਏ ਅਤੇ 515 ਰੁਪਏ ਦਾ ਵਾਧਾ ਕੀਤਾ ਗਿਆ ਹੈ, ਜਿਸ ਤੋਂ ਬਾਅਦ ਕਪਾਹ (ਮਿਡਲ ਸਟੇਪਲ) ਦੀ ਐਮ. ਐਸ. ਪੀ. 8,267 ਅਤੇ ਕਪਾਹ (ਲਾਂਗ ਸਟੇਪਲ) ਦੀ ਐਮ. ਐਸ. ਪੀ. 8,667 ਰੁਪਏ ਕੀਤੀ ਗਈ ਹੈ, ਜਦੋਂਕਿ ਰਾਮਤਿਲ ਦੀ ਐਮ. ਐਸ. ਪੀ. 10,052 ਰੁਪਏ ਨਿਸ਼ਚਿਤ ਕੀਤੀ ਗਈ ਹੈ। ਤਿਲ ਦੀ ਐਮ. ਐਸ. ਪੀ. ਵਿੱਚ 500 ਰੁਪਏ, ਅਰਹਰ ਦਾਲ ਵਿੱਚ 450 ਰੁਪਏ ਅਤੇ ਉੜਦ ਦਾਲ ਵਿੱਚ 400 ਰੁਪਏ, ਸੋਇਆਬੀਨ ਵਿੱਚ 380 ਰੁਪਏ ਅਤੇ ਜਵਾਰ ਵਿੱਚ 324 ਰੁਪਏ ਦਾ ਵਾਧਾ ਕੀਤਾ ਗਿਆ ਹੈ। ਤਿਲ ਦੀ ਐਮ. ਐਸ. ਪੀ. ਵਾਧੇ ਤੋਂ ਬਾਅਦ 10,346 ਰੁਪਏ ਪ੍ਰਤੀ ਕੁਇੰਟਲ, ਅਰਹਰ ਦਾਲ 8,450 ਰੁਪਏ ਪ੍ਰਤੀ ਕੁਇੰਟਲ, ਉੜਦ ਦਾਲ 8,200 ਰੁਪਏ ਪ੍ਰਤੀ ਕੁਇੰਟਲ, ਸੋਇਆਬੀਨ 5,708 ਰੁਪਏ ਪ੍ਰਤੀ ਕੁਇੰਟਲ ਅਤੇ ਜਵਾਰ (ਹਾਈਬ੍ਰਿਡ) 4,023 ਰੁਪਏ ਪ੍ਰਤੀ ਕੁਇੰਟਲ ਅਤੇ ਜਵਾਰ ਮਾਲਦੰਡੀ 4,073 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ। ਰਾਗੀ ਦੀ ਐਮ. ਐਸ. ਪੀ. ਵਿੱਚ 319 ਰੁਪਏ, ਮੂੰਗਫਲੀ ਵਿੱਚ 254 ਰੁਪਏ ਅਤੇ ਬਾਜਰੇ ਵਿੱਚ 125 ਰੁਪਏ ਦਾ ਵਾਧਾ ਕੀਤਾ ਗਿਆ ਹੈ, ਜਿਸ ਤੋਂ ਬਾਅਦ ਰਾਗੀ ਦੀ ਐਮ. ਐਸ. ਪੀ. 5,205 ਰੁਪਏ ਪ੍ਰਤੀ ਕੁਇੰਟਲ, ਮੂੰਗਫਲੀ ਦੀ 7,517 ਰੁਪਏ ਪ੍ਰਤੀ ਕੁਇੰਟਲ ਅਤੇ ਬਾਜਰੇ ਦੀ 2,900 ਰੁਪਏ ਪ੍ਰਤੀ ਕੁਇੰਟਲ ਹੋ ਗਈ ਹੈ। ਸਭ ਤੋਂ ਘੱਟ ਐਮ. ਐਸ. ਪੀ. ਮੂੰਗੀ ਦਾਲ ਅਤੇ ਮੱਕੀ ’ਤੇ ਵਧਾਈ ਗਈ। ਮੂੰਗੀ ਦੀ ਦਾਲ ਵਿੱਚ 12 ਰੁਪਏ ਦੇ ਵਾਧੇ ਤੋਂ ਬਾਅਦ ਐਮ. ਐਸ. ਪੀ. 8,780 ਰੁਪਏ ਪ੍ਰਤੀ ਕੁਇੰਟਲ ਅਤੇ ਮੱਕੀ ’ਤੇ 10 ਰੁਪਏ ਵਾਧੇ ਤੋਂ ਬਾਅਦ ਐਮ. ਐਸ. ਪੀ. 2,410 ਰੁਪਏ ਪ੍ਰਤੀ ਕੁਇੰਟਲ ਹੋ ਗਈ ਹੈ।

### 824.41 ਲੱਖ ਮੀਟ੍ਰਿਕ ਟਨ ਖਰੀਦ ਦਾ ਟੀਚਾ

ਸਰਕਾਰ ਨੇ ਸਾਉਣੀ ਸੀਜ਼ਨ ਲਈ 824.41 ਲੱਖ ਮੀਟ੍ਰਿਕ ਟਨ ਖਰੀਦ ਦਾ ਟੀਚਾ ਰੱਖਿਆ ਹੈ, ਜਿਸ ਲਈ ਕਿਸਾਨਾਂ ਨੂੰ ਤਕਰੀਬਨ 2.60 ਲੱਖ ਕਰੋੜ ਰੁਪਏ ਦਾ ਭੁਗਤਾਨ ਕਰਨਾ ਹੋਵੇਗਾ।

# ਚਾਰ ਹਫਤੇ ਪਹਿਲਾਂ ਪਤਾ ਲੱਗ ਜਾਵੇਗਾ ਮੌਨਸੂਨ ਦਾ ਹਾਲ

**★ ਭਾਰਤ ਮੌਸਮ ਵਿਭਾਗ ਨੇ ਏ. ਆਈ. ਆਧਾਰਤ ਮੌਸਮ ਪ੍ਰਣਾਲੀ ਕੀਤੀ ਸ਼ੁਰੂ ★ ਹਰੇਕ ਕਿਲੋਮੀਟਰ ਦੇ ਘੇਰੇ ਵਿੱਚ ਦਸ ਦਿਨ ਪਹਿਲਾਂ ਮਿਲੇਗੀ ਸਟੀਕ ਬਾਰਿਸ਼ ਦੀ ਪੇਸ਼ੀਨਗੋਈ**

ਹੁਣ ਮੌਨਸੂਨ ਦਾ ਇੰਤਜ਼ਾਰ ਸਿਰਫ ਆਸਮਾਨ ਦੇਖ ਕੇ ਨਹੀਂ ਕਰਨਾ ਪਵੇਗਾ। ਦੇਸ਼ ਵਿੱਚ ਮੌਸਮ ਦੀ ਪੇਸ਼ੀਨਗੋਈ



ਦੀ ਵਿਵਸਥਾ ਵੱਡੇ ਤਕਨੀਕੀ ਬਦਲਾਅ ਦੇ ਦੌਰ ਵਿੱਚ ਪਹੁੰਚ ਗਈ ਹੈ। ਭਾਰਤ ਮੌਸਮ ਵਿਭਾਗ (ਆਈ. ਐਮ. ਡੀ.) ਨੇ ਬਣਾਉਟੀ ਬੁੱਧੀਮਤਾ (ਏ. ਆਈ.) ਆਧਾਰਿਤ ਅਜਿਹੀ ਨਵੀਂ ਪ੍ਰਣਾਲੀ ਸ਼ੁਰੂ ਕੀਤੀ ਹੈ, ਜੋ ਚਾਰ ਹਫਤੇ ਪਹਿਲਾਂ ਤੱਕ ਜ਼ਿਲ੍ਹਾਵਾਰ ਮੌਨਸੂਨ ਦੀ ਪ੍ਰਗਤੀ ਦਾ ਅੰਦਾਜ਼ਾ ਦੇ ਸਕੇਗੀ। ਨਾਲ ਹੀ ਉੱਤਰ ਪ੍ਰਦੇਸ਼ ਵਿੱਚ ਇੱਕ ਕਿਲੋਮੀਟਰ ਖੇਤਰ ਤੱਕ ਬਾਰਿਸ਼ ਦੀ ਪੇਸ਼ੀਨਗੋਈ ਦੇਣ ਵਾਲੀ ਨਵੀਂ ਸੇਵਾ ਵੀ ਸ਼ੁਰੂ ਕਰ ਦਿੱਤੀ ਗਈ ਹੈ, ਜੋ ਦਸ ਦਿਨ ਪਹਿਲਾਂ ਤੱਕ ਸਥਾਨਕ ਮੌਸਮ ਦੀ ਜਾਣਕਾਰੀ ਦੇਵੇਗੀ। ਦੋਵਾਂ ਪ੍ਰਣਾਲੀਆਂ ਨਾਲ ਖੇਤੀ ਦੀ ਬਿਹਤਰ ਯੋਜਨਾ ਬਣਾਉਣ, ਸ਼ਹਿਰਾਂ ਨੂੰ ਪਾਣੀ ਨਾਲ ਭਰਨ ਤੋਂ ਬਚਾਉਣ, ਡ੍ਰੇਨੇਜ਼ ਮੈਨੇਜਮੈਂਟ ਸੰਭਾਲਣ ਅਤੇ ਪ੍ਰਸ਼ਾਸ਼ਨ ਨੂੰ ਆਫਤ ਨਾਲ ਨਜਿੱਠਣ ਵਿੱਚ ਮੱਦਦ ਮਿਲੇਗੀ। ਇਸ ਤਰ੍ਹਾਂ ਦੀਆਂ ਹਾਈਪਰ-ਲੋਕਲ ਸੇਵਾਵਾਂ ਦਾ ਵਿਸਥਾਰ ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ ਕੀਤਾ ਜਾਵੇਗਾ। ਕੇਂਦਰੀ ਵਿਗਿਆਨ ਤੇ ਤਕਨੀਕੀ ਅਤੇ ਪ੍ਰਿਥਵੀ ਵਿਗਿਆਨ ਰਾਜ ਮੰਤਰੀ ਡਾ. ਜਿਤੇਂਦਰ ਸਿੰਘ ਨੇ ਮੰਗਲਵਾਰ ਨੂੰ ਦੋਵਾਂ ਪ੍ਰਣਾਲੀਆਂ ਦੀ ਸ਼ੁਰੂਆਤ ਕੀਤੀ। ਪਹਿਲੀ ਪ੍ਰਣਾਲੀ ਮੌਨਸੂਨ ਦੀ ਪ੍ਰਗਤੀ ਦੀ ਏ. ਆਈ. ਆਧਾਰਿਤ ਪੇਸ਼ੀਨਗੋਈ ਹੈ ਅਤੇ ਦੂਜੀ ਉੱਤਰ ਪ੍ਰਦੇਸ਼ ਉੱਚ ਸਥਾਨਕ ਰਿਜ਼ੋਲਿਊਸ਼ਨ ਬਾਰਿਸ਼ ਪੇਸ਼ੀਨਗੋਈ ਸੇਵਾ ਹੈ।

ਇਨ੍ਹਾਂ ਨੂੰ ਆਈ. ਐਮ. ਡੀ., ਇੰਡੀਅਨ ਇੰਸਟੀਚਿਊਟ ਆਫ ਟ੍ਰੌਪਿਕਲ ਮੌਸਮ ਵਿਗਿਆਨ ਪੁਣੇ ਅਤੇ ਰਾਸ਼ਟਰੀ ਮੱਧਮ ਰੇਂਜ ਮੌਸਮ ਪੇਸ਼ੀਨਗੋਈ ਕੇਂਦਰ ਨੇ ਮਿਲ ਕੇ ਵਿਕਸਿਤ ਕੀਤਾ ਹੈ। ਏ. ਆਈ. ਆਧਾਰਿਤ ਮੌਨਸੂਨ ਪ੍ਰਣਾਲੀ ਹਰ ਬੁੱਧਵਾਰ ਨੂੰ ਅਗਲੇ ਚਾਰ ਹਫਤੇ ਤੱਕ ਮੌਸਮ ਦੀ ਪੇਸ਼ੀਨਗੋਈ ਜਾਰੀ ਕਰੇਗੀ। ਇਹ ਸੇਵਾ 16 ਸੂਬਿਆਂ ਤੇ ਤਿੰਨ ਹਜ਼ਾਰ ਤੋਂ ਵੱਧ ਉਪ-ਜ਼ਿਲ੍ਹਿਆਂ ਲਈ ਤਿਆਰ ਕੀਤੀ ਗਈ ਹੈ। ਇਸ ਨਾਲ ਬਿਜਾਈ, ਸਿੰਚਾਈ, ਖਾਦ, ਮੈਨੇਜਮੈਂਟ ਅਤੇ ਫ਼ਸਲ ਸੁਰੱਖਿਆ ਵਰਗੇ ਫੈਸਲੇ ਸਮਾਂ ਰਹਿੰਦਿਆਂ ਲਏ ਜਾ ਸਕਣਗੇ। ਇਸ ਪ੍ਰਣਾਲੀ ਵਿੱਚ ਏ. ਆਈ. ਮਾਡਲ, ਵਿਸਥਾਰਤ ਰੇਂਜ ਪੇਸ਼ੀਨਗੋਈ ਪ੍ਰਣਾਲੀ ਅਤੇ ਤਕਨੀਕਾਂ ਨੂੰ ਇਕੱਠੇ ਜੋੜਿਆ ਗਿਆ ਹੈ। ਹੁਣ ਤੱਕ ਲੰਬੇ ਸਮੇਂ ਦੇ ਮੌਸਮ ਅਨੁਮਾਨ ਵੱਡੇ ਭੂਗੋਲਿਕ ਖੇਤਰ ਤੱਕ ਸੀਮਤ ਰਹਿੰਦੇ ਸਨ, ਪਰ ਨਵੀਂ ਤਕਨੀਕ ਜ਼ਿਲ੍ਹਾ ਅਤੇ ਉਪ-ਜ਼ਿਲ੍ਹਾ ਪੱਧਰ ਤੱਕ ਜਾਣਕਾਰੀ ਦੇਣ ਵਿੱਚ ਸਮਰੱਥ ਹੋਵੇਗੀ।

## ਮਾਨਸੂਨ ਦੇ 4-6 ਦਿਨ ਪਹਿਲਾਂ ਪਹੁੰਚਣ ਦੀ ਸੰਭਾਵਨਾ

ਮਾਨਸੂਨ ਦੇਸ਼ ਵਿੱਚ ਮਿੱਥੇ ਸਮੇਂ ਤੋਂ 4-6 ਦਿਨ ਪਹਿਲਾਂ ਪਹੁੰਚ ਸਕਦਾ ਹੈ। ਆਮ ਤੌਰ ’ਤੇ ਇਹ 1 ਜੂਨ ਤੱਕ ਕੇਰਲ ਪਹੁੰਚਦਾ ਹੈ, ਪਰ ਇਸ ਵਾਰ ਇਸ ਦੇ 25 ਤੋਂ 27 ਮਈ ਦਰਮਿਆਨ ਕੇਰਲ ਦੇ ਕੰਢੇ ’ਤੇ ਪਹੁੰਚਣ ਦੀ ਉਮੀਦ ਹੈ।

### ਇਸ ਸਾਲ ਆਮ ਨਾਲੋਂ ਘੱਟ ਮੀਂਹ ਦੀ ਉਮੀਦ

ਹਾਲਾਂਕਿ ਮੌਨਸੂਨ ਦੇ ਜਲਦੀ ਆਉਣ ਦੀ ਉਮੀਦ ਦੌਰਾਨ ਚਿੰਤਾਜਨਕ ਖਬਰ ਵੀ ਹੈ। ਮੌਸਮ ਵਿਭਾਗ ਅਨੁਸਾਰ ਇਸ ਸਾਲ ਦੇਸ਼ ਵਿੱਚ ਔਸਤ ਨਾਲੋਂ ਘੱਟ ਮੀਂਹ ਪੈ ਸਕਦਾ ਹੈ। ਇੱਕ ਵਾਰ ਮੀਂਹ ਲੰਬੇ ਸਮੇਂ ਦੀ ਔਸਤ (ਐਲ. ਪੀ. ਏ.) ਦਾ ਲਗਭਗ 92 ਫੀਸਦੀ ਰਹਿ ਸਕਦਾ ਹੈ।

ਮਾਹਿਰਾਂ ਮੁਤਾਬਕ ਸੰਭਾਵੀ ‘ਅਲ ਨੀਨੋ’ ਅਤੇ ਇੰਡੀਅਨ ਓਸ਼ਨ ਡਾਈਪੋਲ ਵਰਗੇ ਮੌਸਮੀ ਪ੍ਰਭਾਵ ਇਸ ਸਾਲ ਮਾਨਸੂਨ ਨੂੰ ਪ੍ਰਭਾਵਿਤ ਕਰ ਸਕਦੇ ਹਨ।

# ਪੰਜਾਬ ਵਿੱਚ ਕਣਕ ਦੀ ਖਰੀਦ ਦਾ ਟੀਚਾ ਪੂਰਾ

## ਬਠਿੰਡਾ, ਸੰਗਰੂਰ ਅਤੇ ਸ੍ਰੀ ਮੁਕਤਸਰ ਸਾਹਿਬ ਰਹੇ ਮੋਹਰੀ

ਪੰਜਾਬ ਸਰਕਾਰ ਨੇ ਸੂਬੇ ਦੀਆਂ ਮੰਡੀਆਂ ਵਿੱਚ 122 ਲੱਖ ਟਨ ਕਣਕ ਦੀ ਖਰੀਦ ਦਾ ਟੀਚਾ ਪੂਰਾ ਕਰ ਲਿਆ ਹੈ। ਹਾਲਾਂਕਿ ਹਾਲੇ ਵੀ ਪੰਜਾਬ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਜਾਰੀ ਹੈ। ਇਸ ਦੌਰਾਨ ਪੰਜਾਬ ਭਰ ਵਿੱਚ ਬਠਿੰਡਾ, ਸੰਗਰੂਰ ਅਤੇ ਸ੍ਰੀ ਮੁਕਤਸਰ ਸਾਹਿਬ ਕਣਕ ਦੀ ਖਰੀਦ ਵਿੱਚ ਮੋਹਰੀ ਰਹੇ ਹਨ।



ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਦੀਆਂ ਮੰਡੀਆਂ ਵਿੱਚ 122.99 ਲੱਖ ਟਨ ਕਣਕ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ ਸੂਬਾ ਸਰਕਾਰ ਨੇ 122.68 ਲੱਖ ਟਨ ਕਣਕ ਦੀ ਖਰੀਦ ਕਰ ਲਈ ਹੈ। ਹੁਣ ਤੱਕ ਪੰਜਾਬ ਦੀਆਂ ਮੰਡੀਆ ਵਿੱਚ ਬਠਿੰਡਾ ਜ਼ਿਲ੍ਹੇ ਵਿੱਚ ਸਭ ਤੋਂ ਵੱਧ 9.19 ਲੱਖ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਦੂਜੇ ਨੰਬਰ ’ਤੇ ਸੰਗਰੂਰ ਵਿੱਚ 9.09 ਲੱਖ ਟਨ ਅਤੇ ਤੀਜੇ ਨੰਬਰ ’ਤੇ ਸ੍ਰੀ ਮੁਕਤਸਰ ਸਾਹਿਬ ਵਿੱਚ 8.73 ਲੱਖ ਟਨ ਕਣਕ ਦੀ ਖਰੀਦ ਹੋਈ ਹੈ। ਪਟਿਆਲਾ ਵਿੱਚ 8.63 ਲੱਖ ਟਨ ਕਣਕ ਦੀ ਖਰੀਦ ਹੋਈ ਹੈ। ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਕਣਕ ਦੀ ਖਰੀਦ ਦੀ ਅਦਾਇਗੀ ਨਾਲੋਂ-ਨਾਲ ਕੀਤੀ ਜਾ ਰਹੀ ਹੈ। ਹੁਣ ਤੱਕ ਸੂਬੇ ਵਿੱਚ 7 ਲੱਖ ਤੋਂ ਵੱਧ ਕਿਸਾਨਾਂ ਦੇ ਖਾਤਿਆਂ ਵਿੱਚ 29,000 ਕਰੋੜ ਰੁਪਏ ਤੋਂ ਵੱਧ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।

# ਨਾਸਿਕ ਵਿੱਚ ਪਿਆਜ਼ ਦੀਆਂ ਕੀਮਤਾਂ ਵਿੱਚ ਗਿਰਾਵਟ

ਪਿਆਜ਼ ਦੀਆਂ ਕੀਮਤਾਂ ਵਿੱਚ ਭਾਰੀ ਗਿਰਾਵਟ ਦਰਮਿਆਨ ਕਿਸਾਨਾਂ ਦੇ ਇੱਕ ਸੰਗਠਨ ਨੇ ਮਹਾਰਾਸ਼ਟਰ ਦੇ ਨਾਸਿਕ ਜ਼ਿਲ੍ਹਾ ਵਿੱਚ ਨੰਦਗਾਓਂ ਐਗਰੀਕਲਚਰ ਪ੍ਰੋਡਿਊਸ ਮਾਰਕੀਟ ਕਮੇਟੀ (ਏ. ਪੀ. ਐਮ. ਸੀ.) ਨੂੰ ਤੁਰੰਤ ਭੰਗ ਕਰਨ ਦੀ ਮੰਗ ਕੀਤੀ ਹੈ। ਸੰਗਠਨ ਨੇ ਦੋਸ਼ ਲਾਇਆ ਕਿ ਇਹ ਕਮੇਟੀ ਪਿਆਜ਼ ਦੀ ਨੀਲਾਮੀ ਕਰਵਾਉਣ ਵਿੱਚ ਅਸਫਲ ਰਹੀ ਹੈ। ਸੋਮਵਾਰ ਨੂੰ ਕਿਸਾਨਾਂ ਨੇ ਨੰਦਗਾਓਂ ਏ. ਪੀ. ਐਮ. ਸੀ. ਕੰਪਲੈਕਸ ਦੇ ਬਾਹਰ ਲਗਭਗ ਇੱਕ ਟਰਾਲੀ ਦੇ ਬਰਾਬਰ ਪਿਆਜ਼ ਸੁੱਟ ਕੇ ਪ੍ਰਸ਼ਾਸ਼ਨ ਅਤੇ ਵਪਾਰੀਆਂ ਵਿਰੁੱਧ ਨਾਅਰੇਬਾਜ਼ੀ ਕੀਤੀ। ਕਿਸਾਨਾਂ ਦਾ ਦੋਸ਼ ਹੈ ਕਿ ਨਾਸਿਕ ਜ਼ਿਲ੍ਹੇ ਦੀਆਂ ਕਈ ਮੰਡੀਆਂ ਵਿੱਚ ਥੋਕ ਪਿਆਜ਼ ਦੀਆਂ ਕੀਮਤਾਂ ਟੁੱਟੀਆਂ ਹਨ, ਜਿਸ ਕਾਰਨ ਕਾਸ਼ਤਕਾਰਾਂ ਨੂੰ ਲਾਗਤ ਅਤੇ ਟਰਾਂਸਪੋਰਟ ਖਰਚਾ ਤੱਕ ਕੱਢਣਾ ਮੁਸ਼ਕਲ ਹੋ ਰਿਹਾ ਹੈ। ਵਪਾਰੀਆਂ ਅਤੇ ਕਿਸਾਨ ਸਮੂਹਾਂ ਅਨੁਸਾਰ ਔਸਤ ਗੁਣਵੱਤਾ ਵਾਲਾ ਪਿਆਜ਼ ਫਿਲਹਾਲ ਕਈ ਏ. ਪੀ. ਐਮ. ਸੀ. ਵਿੱਚ 800 ਤੋਂ 1000 ਰੁਪਏ ਪ੍ਰਤੀ ਕੁਇੰਟਲ ਦੇ ਭਾਅ ’ਤੇ ਵਿਕ ਰਿਹਾ ਹੈ, ਜਦੋਂਕਿ ਕੁਝ ਕਿਸਮਾਂ ਦੀ ਕੀਮਤ 1 ਤੋਂ 4 ਰੁਪਏ ਪ੍ਰਤੀ ਕਿਲੋਗ੍ਰਾਮ ਤੱਕ ਡਿੱਗ ਗਈ ਹੈ। ਮਹਾਰਾਸ਼ਟਰ ਰਾਜ ਪਿਆਜ਼ ਉਤਪਾਦਕ ਐਸੋਸੀਏਸ਼ਨ ਨੇ ਮੰਗਲਵਾਰ ਜਾਰੀ ਬਿਆਨ ਵਿੱਚ ਦੋਸ਼ ਲਗਾਇਆ ਕਿ ਬਾਜ਼ਾਰ ਕਮੇਟੀ ‘ਬੇਕਾਰ’ ਹੋ ਚੁੱਕੀ ਹੈ ਅਤੇ ਔਖੇ ਸਮੇਂ ਵਿੱਚ ਲੀਡਰਸ਼ਿਪ ਜ਼ਿੰਮੇਵਾਰੀ ਤੋਂ ਭੱਜ ਗਈ ਹੈ।

ਸੰਗਠਨ ਨੇ ਕਿਹਾ ਕਿ ਨੰਦਗਾਓਂ ਬਾਜ਼ਾਰ ਕਮੇਟੀ ਇਸ ਸਮੇਂ ਸਿਰਫ ਕਾਗਜ਼ਾਂ ’ਤੇ ਮੌਜੂਦ ਹੈ। ਸੰਚਾਲਨ ’ਤੇ ਕੋਈ ਪ੍ਰਸ਼ਾਸ਼ਨਿਕ ਕੰਟਰੋਲ ਨਹੀਂ ਹੈ ਅਤੇ ਚੇਅਰਮੈਨ ਦਾ ਕੋਈ ਪਤਾ ਨਹੀਂ ਹੈ। ਸੰਗਠਨਾਂ ਨੇ ਮੰਗ ਕੀਤੀ ਕਿ ਜੇਕਰ ਕਮੇਟੀ ਕਿਸਾਨਾਂ ਦੀ ਫ਼ਸਲ ਦੀ ਨੀਲਾਮੀ ਕਰਵਾਉਣ ਵਿੱਚ ਸਮਰੱਥ ਨਹੀਂ ਹੈ ਤਾਂ ਪੂਰੇ ਨਿਰਦੇਸ਼ਕ ਮੰਡਲ ਨੂੰ ਅਯੋਗ ਐਲਾਨ ਕੇ ਸੰਸਥਾ ਨੂੰ ਭੰਗ ਕੀਤਾ ਜਾਣਾ ਚਾਹੀਦਾ ਹੈ।

RNI/42269/83 (PUNPUN00806) Postage Registered No. PB/PTA/0338/2025-2027

HERANBA

# ਜ਼ੋਕਸੀਹਿਲ




"ਜ਼ਿੰਕ ਦਾ ਬਾਪ"

www.heranba.co.in